੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੪੦ ਜਿਲਦ ੩੦ ੧੫-੨੧ ਅਕਤੂਬਰ ੨੦੨੦, ੩੦ ਅੱਸੂ - ੫ ਕੱਤਕ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 40 Volume 30, 15-21 October 2020
Yearly Subscription India 250/-, Abroad 2500/- and Life Membership India 2500/-, Abroad 25000/-

**350ਵਾਂ ਜਨਮ-ਦਿਵਸ ਬਾਬਾ ਬੰਦਾ ਸਿੰਘ ਬਹਾਦਰ : 16 ਅਕਤੂਬਰ**

## ਮੈਂ ਤੇਰਾ ਬੰਦਾ

❖ ਭਾਈ ਸਾਹਿਬ ਭਾਈ ਵੀਰ ਸਿੰਘ

ਢਾਈ ਕੁ ਸੌ ਵਰ੍ਹੇ ਤੋਂ ਕੁਛ ਵੱਧ ਬੀਤਿਆ ਹੋਊ ਕਿ ਪੁਣਛ ਦੇ ਲਾਗੇ ਰਾਜੌਰੀ ਵਿਖੇ ਇਕ ਰਾਮਦੇਵ ਨਾਮੇ ਰਾਜਪੂਤ ਹੋਇਆ ਹੈ, ਜਿਸ ਦੇ ਘਰ ਇਕ ਬਾਲਕ ਜਨਮਿਆ। ਇਸਦਾ ਨਾਮ ਲਛਮਨ ਦੇਵ ਧਰਿਆ। ਪਿਉ ਦਾ ਕਿੱਤਾ ਜ਼ਿਮੀਂਦਾਰੇ ਦਾ ਸੀ, ਮੁੰਡਾ ਭੀ ਗੱਭਰੂ ਹੋਕੇ ਇਸੇ ਕਾਰੇ ਲੱਗਾ, ਪਰ ਸੁਭਾਵ ਬੜਾ ਤਕੜਾ ਸੀ, ਜੁੱਸਾ ਮਜ਼ਬੂਤ, ਲੰਮਾਂ ਤੇ ਡੀਲਦਾਰ ਸੀ। ਮਨ ਦੀ ਮਰਜ਼ੀ ਦਾ ਅਝੁਕ ਸੀ ਤੇ ਹਾਸੇ ਖੇਡਾਂ ਵਲ ਰੁਚੀ ਬਹੁਤੀ ਸੀ, ਇਸ ਕਰਕੇ ਸ਼ਿਕਾਰ ਦੇ ਸ਼ੌਕ ਵਿਚ ਦਿਲ ਵਧੇਰੇ ਲਗਦਾ ਸੀ। ਤੀਰੰਦਾਜ਼ੀ ਤੇ ਬੰਦੂਕ ਚਲਾਉਣੀ ਚੰਗੀ ਸਿੱਖ ਗਿਆ ਤੇ ਜ਼ਿਮੀਂਦਾਰੇ ਕੰਮ ਤੋਂ ਜਦ ਵਿਹਲ ਲੱਗਦੀ ਜੰਗਲਾਂ ਵਿਚ ਸ਼ਿਕਾਰ ਖੇਡਦਾ ਫ਼ਿਰਦਾ। ਇਕ ਵਾਰੀ ਸ਼ਿਕਾਰ ਖੇਡਦਿਆਂ ਇਸ ਨੇ ਇਕ ਹਰਨੀ ਮਾਰੀ, ਇਹ ਹਰਨੀ ਗਰਭਵਤੀ ਸੀ, ਇਸਦੇ ਪੇਟ ਵਿਚੋਂ ਦੋ ਬੱਚੇ ਨਿਕਲੇ ਜੋ ਅੱਖਾਂ ਦੇ ਸਾਹਮਣੇ ਤੜਫ਼ ਤੜਫ਼ ਕੇ ਮੋਏ, ਇਹ ਦਰਸ਼ਨ ਬਹੁਤ ਦੁਖਦਾਈ ਹੋਏ। ਲਛਮਨ ਦੇਵ ਦੇ ਦਿਲ ਪਰ ਕੋਈ ਐਸਾ ਸਹਿਮ ਛਾਇਆ ਕਿ ਉਹ ਨਕਸ਼ਾ ਅੱਖਾਂ ਅਗੋਂ ਹਟੇ ਨਾ। ਦਿਲ ਚੋਟ ਖਾ ਗਿਆ ਤੇ ਵੈਰਾਗ ਡੂੰਘੇ ਘਾ ਪਾ ਗਿਆ। ਨੇੜੇ ਹੀ ਇਕ ਬੈਰਾਗੀ ਸਾਧੂ ਵੱਸਦਾ ਸੀ, ਜਾਨਕੀ ਪ੍ਰਸ਼ਾਦ ਉਸ ਦਾ ਨਾਮ ਸੀ, ਇਸਦੀ ਸੁਹਬਤ ਵਿਚ ਇਸ ਨੇ ਭੇਖ ਲੀਤਾ ਤੇ ਘਰ ਬਾਹਰ, ਦੇਸ਼ ਛਡਕੇ ਦੇਸ਼ਾਟਨ ਨੂੰ ਨਿਕਲ ਪਿਆ। ਕਈ ਸਾਧ, ਫ਼ਕੀਰ ਮਿਲੇ, ਕਈ ਤਪ ਸਾਧਨ ਕੀਤੇ ਅਖੀਰ ਤੀਰਥ ਪਰਸਦਾ ਇਹ 'ਨਾਸਕ' ਪੁਜਾ ਤੇ ਉੱਥੇ ਬਹੁਤ ਚਿਰ ਤਪ ਕਰਦਾ ਰਿਹਾ। ਕ੍ਰਿਸ਼ਨ ਦੀ ਭਗਤੀ ਦੇ ਰਸ ਨੇ ਇਸਦੇ ਤਕੜੇ ਮਨ ਤੇ ਲੰਮਾ ਅਸਰ ਨਾ ਕੀਤਾ, ਪਰ ਤੱਪ ਸਾਧਨ ਤੇ ਦਾਰਸ਼ਨਕ ਵਿਚਾਰ ਦਾ ਅਸਰ ਹੋਯਾ, ਪਰ ਅੰਤ ਰੁਚੀ ਤੱਪੱਸਯਾ ਵਲ ਹੋ ਆਈ, ਇਸ ਕਰਕੇ ਇਹ ਤੱਪ ਕਰਨ ਲੱਗਾ। ਜਿਸ ਫ਼ਕੀਰ ਨੇ ਇਸਨੂੰ ਬੈਰਾਗੀ ਬਣਾਇਆ ਸੀ ਉਸ ਨੇ ਨਾਮ ਮਾਧੋ ਦਾਸ ਕਰ ਦਿਤਾ ਸੀ। ਨਾਸਕ ਵਿਚ ਇਹ ਇਸੇ ਨਾਮ ਤੋਂ ਪ੍ਰਸਿਧ ਸੀ। ਨਾਸਕ ਦੇ ਉੱਤੇ ਗੋਦਾਵਰੀ ਦਾ ਸੋਮਾਂ ਹੈ ਤੇ ਉੱਗਰ ਤੀਰਥ ਹੈ, ਉਥੇ ਕਈ ਬਰਸ ਇਹ ਘਾਲ ਕਰਦਾ ਰਿਹਾ, ਇਥੇ ਇਸਨੂੰ ਇਕ ਜੋਗੀ ਦਾ ਮੇਲ ਹੋਇਆ, ਜਿਸ ਦਾ ਨਾਉਂ ਲੂਨੀ ਸੀ। ਇਸਨੇ ਬੈਰਾਗੀ ਦੀ ਤਪੋ ਬ੍ਰਿੱਤੀ ਵੇਖਕੇ ਜੋਗ ਮਾਰਗ ਦੇ ਰਸਤੇ ਪਾਇਆ, ਪ੍ਰਾਣਾਯਾਮ ਆਦਿ ਸਿਖਾਕੇ ਤੰਤ੍ਰ ਵਿਦਯਾ ਦੱਸੀ। ਇਹ ਜੋਗੀ ਇਸ ਦਾ ਨਾਉਂ ਹੁਣ ਨਰੈਣ ਦਾਸ ਯਾ ਨਰੈਣ ਗਿਰ ਧਰ ਗਿਆ, ਪਰ ਇਸਦਾ ਨਾਉਂ ਨਰੈਣ ਦਾਸ ਬੀ ਵੱਜ ਗਿਆ। ਬਚਪਨ ਤੋਂ ਹੀ ਸੁਭਾਉ ਡਾਢਾ ਰਜੋਗੁਣੀ ਸੀ, ਸੱਟ ਖਾਕੇ ਵੈਰਾਗ ਜੋ ਹੋਇਆ ਸੀ ਫ਼ਕੀਰੀ ਵਿਚ ਸੱਟ ਗਿਆ ਸੀ, ਪਰ ਫ਼ਕੀਰੀ ਵਿਚ ਬੀ ਮਨ ਤਪੋਸਾਧਨ ਵਿਚ ਗਿਆ। ਜੋਗ ਮਿਲਿਆ ਤਾਂ ਮਨ ਨੇ ਸਿਧੀਆਂ ਵਲ ਪਲਟਾ ਖਾਧਾ। ਤੰਤ੍ਰ ਵਿਦਯਾ ਨੇ ਵਧੇਰੇ ਇਸ ਪਾਸੇ ਲਾਇਆ। ਸਿਧੀਆਂ ਦੇ ਰਸਤੇ ਕੁਛ ਇਕਾਗ੍ਰਤਾ ਦਾ ਅਸਰ ਵੇਖ ਮਾਧੋ ਦਾਸ ਬੀਰਾਰਾਧਨ ਵਿਚ ਲਗ ਪਿਆ। ਇਸ ਜਗਤ ਦੇ ਨਾਦਿਸਦੇ ਹਿੱਸੇ ਵਿਚ ਵਾਹਿਗੁਰੂ ਜਾਣੇ ਕੀ ਕੀ ਤਾਕਤਾਂ ਤੇ ਵਜਕਤੀਆਂ ਭਰੀਆਂ ਪਈਆਂ ਹਨ ਕਿ ਜਿਧਰ ਇਨਸਾਨ ਧਿਆਨ ਲਾਵੇ ਕੁਛ ਲੱਭ ਹੀ ਪੈਂਦਾ ਹੈ। ਸੋ ਇਸ ਪਾਸੇ ਇਸ ਵਿਦਯਾ ਦੇ ਸਾਧਨ ਕਰਦਿਆਂ ਮਾਧੋ ਨੂੰ ਕੁਛ ਪ੍ਰਾਪਤੀ ਹੋ ਗਈ। ਇਹ ਵਿਦਯਾ ਮਾਧੋ ਦਾਸ ਦੇ ਸਮੇਂ ਕੇਵਲ ਸਿਧੀਆਂ ਤੇ ਜਗਤ ਵਿਚ ਵਸੀਕਾਰਤਾ ਤੇ ਕਈ ਵੇਰ ਨਾਟਕ ਚੇਟਕ ਦੇ ਸ਼ੁਅਬਦੇ ਦੇਖਣ ਦਿਖਾਉਣ ਵਿਚ ਵਰਤੀਂਦੀ ਸੀ। ਤੰਤ੍ਰ ਵਿਦਯਾ ਤੇ ਬੀਰਾਰਾਧਨ ਆਦਿ ਸਾਧਨਾ ਵਿਚ ਸੰਪੰਨ ਹੋਕੇ ਮਾਧੋ ਦਾਸ ਫੇਰ ਟੁਰ ਪਿਆ ਤੇ ਨਦੀ ਗੋਦਾਵਰੀ ਦੇ ਕੰਢੇ ਕੰਢੇ ਫ਼ਿਰਦਾ ਨਾਂਦੇੜ ਆ ਨਿਕਲਿਆ। ਇਥੇ ਇਸ ਦੀ ਵਿਭੂਤੀ ਦਾ ਕੁਝ ਜੱਸ ਹੋ ਗਿਆ ਤੇ ਇਸ ਨੇ ਏਥੇ ਡੇਰਾ ਲਾ ਲਿਆ। ਲੋਕੀਂ ਆਪਣੇ ਲਾਭਾਂ ਹਿਤ ਮੱਦਦ ਲੈਣ ਨੂੰ ਆਉਂਦੇ ਤੇ ਦੂਰੋਂ ਨੇੜਿਓਂ ਕੁਝ ਲੋਕ ਆਕੇ ਚੇਲੇ ਬੀ ਹੋ ਗਏ। ਐਉਂ ਇਸਦੀ ਕੁਟੀ ਇਕ ਆਸ਼੍ਰਮ ਬਣ ਗਿਆ। ਮਾਧੋ ਦਾਸ ਅਕਸਰ ਅਪਣੇ ਤਪ ਸਾਧਨਾ ਲਈ ਕੁਟੀਓਂ ਦੂਰ ਨਦੀ ਕੰਢੇ ਜਾ ਬਿਹਾ ਕਰਦਾ ਸੀ, ਕਦੇ ਕੁਟੀ ਵਿਚ ਹੀ ਤਪ ਕਰਿਆ ਕਰਦਾ ਸੀ, ਪਰ ਇਸ ਦਾ ਨਾਮ ਫ਼ੈਲ ਚੁਕਾ ਸੀ ਤੇ ਦੂਰ ਦੂਰ ਤਕ ਲੋਕੀਂ ਇਸਦੀ ਇਸ

### ਅੰਦਰ


- ਬਾਬਾ ਬੰਦਾ ਸਿੰਘ ਬਹਾਦਰ 3
- ਆਸਟਰੀਆ 'ਚ ਸਿੱਖ 5
- Banda Singh Bahadur : Explaining the Puzzle of.... 7
- ਸੌ ਸਾਲ ਪਹਿਲਾਂ : ਅਕਾਲ ਤਖ਼ਤ 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਤਾਕਤ ਦਾ ਲੋਹਾ ਮੰਨਦੇ ਸਨ। ਤਿਆਗੀ ਤੇ ਬਨਬਾਸੀ ਹੋਣ ਕਰਕੇ ਲੋਕੀਂ ਇਸ ਨੂੰ ਵੈਰਾਗਵਾਨ ਸਾਧੂ ਸਮਝਦੇ ਸਨ। ਚੇਲਿਆਂ ਨੂੰ ਸਿੱਖਿਆ ਦੇਣ, ਆਏ ਗਏ ਦੀ ਕਾਮਨਾ ਪੂਰਨ ਕਰਨ ਤੇ ਆਸ਼੍ਰਮ ਦੇ ਨਿਰਬਾਹ ਤੋਂ ਜਿੰਨਾਂ ਸਮਾਂ ਬਚਦਾ ਓਹ ਇਹ ਆਪਣੇ ਸਾਧਨਾਂ ਤੇ ਤਪਾਂ ਤੇ ਲਾਉਂਦਾ ਸੀ। ਗੋਦਾਵਰੀ ਦੇ ਐਨ ਕਿਨਾਰੇ ਇਕ ਟਿੱਬੀ ਉੱਤੇ ਬੈਠਕੇ ਇਸ ਦਾ ਅਭਿਆਸ ਦਾ ਕਰਤੱਵ ਹੋਇਆ ਕਰਦਾ ਸੀ, ਕਦੇ ਮਨੋਂ ਵਿਚਾਰ ਤੇ ਸ਼ਾਸਤ੍ਰ ਵਿਚਾਰ ਬੀ ਉਥੇ ਬੈਠਕੇ ਕਰਦਾ ਸੀ।

ਇਹ ਹੈ ਵਿਥਿਆ ਉਸ 'ਮਾਧੋ ਦਾਸ' ਬੈਰਾਗੀ ਦੀ। ਇਸਦਾ ਸੀ ਉਹ ਆਸ਼੍ਰਮ, ਜਿਸ ਵਿਚ ਮਹਾਂ ਬਲੀ ਜੀ ਨੇ ਆਕੇ ਪਲੰਘ ਤੇ ਡੇਰਾ ਜਮਾਇਆ ਸੀ ਤੇ ਏਹ ਸਨ ਸਾਧੂ ਜੀ ਜਿਨ੍ਹਾਂ ਨੇ ਪਲੰਘ ਉਲਟਾਉਣਾ ਚਾਹਿਆ ਤੇ ਯਤਨ ਕਰਦੇ ਆਪ ਢਹਿ ਪਏ, ਸ਼ਰਨਾਗਤ ਹੋਏ ਤੇ ਜੀਅਦਾਨ ਪਾਇਆ ਤੇ 'ਬੰਦਾ' ਬਣੇ।

ਮਹਾਂ ਬਲੀ ਜੀ ਕੌਣ ਸਨ?

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਆਪ ਅਨੰਦਪੁਰੋਂ ਟੁਰੇ, ਚਮਕੌਰ, ਮਾਲਵੇ, ਰਾਜਪੂਤਾਨੇ ਬਘੌਰ ਹੁੰਦੇ ਫ਼ੇਰ ਮੁੜੇ ਦਿੱਲੀ ਨੂੰ। ਫ਼ੇਰ ਦਿੱਲੀ, ਆਗਰੇ ਹੁੰਦੇ ਛੇਕੜ ਬੁਰਹਾਨਪੁਰ ਦੀਆਂ ਸੰਗਤਾਂ ਤਾਰ ਕੇ ਕੁਛ ਦਿਨਾਂ ਤੋਂ ਨਾਂਦੇੜ ਦੇ ਬਾਹਰ ਆ ਟਿਕੇ ਸਨ ਤੇ ਜਗ੍ਹਾ ਮਨ ਨੂੰ ਭਾ ਜਾਣ ਕਰਕੇ ਏਥੇ ਟਿਕਣ ਦੇ ਸੰਕਲਪ ਨਾਲ ਟਿਕ ਗਏ ਸਨ। ਮਾਧੋ ਦਾਸ ਦੀ ਵਿਥਿਆ ਤੇ ਤਾਕਤਾਂ ਸੁਣ ਚੁਕੇ ਸੇ। ਅਜ ਦੀਨ ਦਿਆਲ ਜੀ ਦਿਆਲੂ ਹੋਕੇ ਉਸਦੇ ਆਸ਼੍ਰਮ ਆਪ ਆ ਗਏ ਤੇ ਪਿਆਰ ਦੀ ਕਲਾ ਵਰਤਾ ਕੇ ਉਸੇ ਵਿਭੂਤੀਆਂ ਦੇ ਰੰਗ ਵਿਚ ਅੜ ਗਏ ਜੋਗੀ ਨੂੰ ਉੱਥੋਂ ਉੱਚਾ ਕਰਕੇ ਕੇਵਲ ਵਾਹਿਗੁਰੂ ਦੇ ਪਿਆਰ ਤੇ ਰਸ ਰੰਗ ਦਾ ਰਸੀਆ ਬਣਾ ਦਿਤਾ। ਸਰਬ ਅਨਾਤਮ ਤੋਂ ਗੁਪਤ, ਪ੍ਰਗਟ, ਸੂਖਮ, ਸਥੂਲ ਮਾਇਆ ਤੋਂ ਉੱਚਾ ਕਰਕੇ ਉਨਮਨ ਕਰ ਦਿਤਾ।

ਬੰਦੇ ਨੂੰ ਤਾਰਕੇ ਗੁਰੂ ਜੀ ਆਪਣੇ ਡੇਰੇ ਆ ਗਏ, ਪਰ ਬੰਦੇ ਦਾ ਦਿਲ ਹੁਣ ਆਸ਼੍ਰਮ ਵਿਚ ਕੀਕੂੰ ਲਗੇ, ਖਿਚ ਕਾਲਜਾ ਚੀਰ ਗਈ, ਉਮਰਾ ਭਰ ਜਿਹੜੀ ਪ੍ਰਾਪਤੀ ਹਠ ਤੇ ਵਿਭੂਤੀਆਂ ਕਰਕੇ ਉਹਲੇ ਰਹੀ ਸੀ, ਸਾਮਰਤੱਖ ਹੋ ਗਈ, ਹੁਣ ਦਾਤੇ ਤੋਂ ਪਰੇ ਰਿਹਾ ਨਾ ਜਾਏ। ਸੋ ਸਤਿਗੁਰ ਦੇ ਡੇਰੇ ਆਉਣ ਜਾਣ ਤੇ ਸੇਵਾ ਕਰਨ ਲਗ ਪਿਆ। ਸਿੱਖੀ ਮਿਰਯਾਦਾ ਤੇ ਨਿਸ਼ਚੇ ਵੇਖੇ: ਜੋਧੇ ਮਹਾਂ ਬਲੀ, ਪਰ ਸਚੇ ਤੇ ਸੁਚੇ, ਨੇਮੀ ਤੇ ਪ੍ਰੇਮੀ, ਨਾਮ ਦੇ ਰਸੀਏ ਤੇ ਮਹਾਂ ਉੱਚੇ ਆਚਰਨ ਵਾਲੇ, ਨਿਸ਼ਚੇ ਵਿਚ ਜੀਵਨ ਮੁਕਤ, ਫ਼ੇਰ ਉਪਕਾਰੀ, ਤਿਆਗੀ, ਪਰ ਜਗਤ ਦੇ ਪ੍ਰਤਿਪਾਲਕ। ਸੈਰ, ਸ਼ਿਕਾਰ, ਸ਼ਸਤ੍ਰ ਵਿਦਜਾ ਸਾਰਾ ਸਾਮਾਨ ਰਜੋਗੁਣੀ ਬਣਤ-ਚੜ੍ਹਤ, ਰਹਿਤ ਬਹਿਤ ਸਭ ਰਜੋ ਦੇ ਉਚੇ ਹੁਲਾਰੇ, ਪਰ ਅੰਦਰੋਂ ਦੇਖੋ ਤਾਂ ਮਾਇਆ ਨੂੰ ਜਿੱਤੇ ਹੋਏ ਵੈਰਾਗੀ ਤੇ ਆਤਮ ਵਿਚ ਸਦਾ ਜੁੜੇ। ਇਹ ਰਹਿਣੀ ਉਸਨੂੰ ਦੰਗ ਕਰ ਗਈ। ਆਪਣੇ ਤੇ ਰਸ ਦਾ ਹੁਲਾਰਾ ਵੱਜ ਚੁੱਕਾ ਸੀ, ਰਸ ਵਾਲੇ ਨਾਮ ਦਾ ਰਸੀਆ ਹੋ ਚੁਕਾ ਸੀ, ਪਰ 'ਗ੍ਰਿਹਸਥ ਉਦਾਸ' ਅੱਖਾਂ ਨਾਲ ਉਸਨੇ ਅਜ ਹੀ ਡਿਠਾ ਸੀ। ਸ਼ਿਕਾਰ ਵਿਚ ਨਾਲ ਜਾਂਦਾ ਹੈ, ਪੁਰਾਣੇ ਆਪਣੇ ਸ਼ਿਕਾਰ ਯਾਦ ਆਉਂਦੇ ਹਨ, ਪਰ ਹੁਣ ਇਹ ਸ਼ਿਕਾਰ ਹੋਰਵੇਂ ਡਿੱਠਾ, ਨਵੀਂ ਤਰ੍ਹਾਂ ਦੇ ਬੰਦੇ ਵੇਖੇ, ਨਵਾਂ ਗੁਰੂ, ਨਵਾਂ ਅਵਤਾਰ ਤੇ ਨਵਾਂ ਮਾਰਗ, ਨਵਾਂ ਪੰਥ ਵੇਖਿਆ। ਬੈਰਾਗੀ ਦੇ ਸੁਕਦੇ ਅੰਗ ਤੇ ਕੁਮਲਾਉਂਦੇ ਉਮਾਹ ਜਾਗ ਪਏ, ਤਪਾਂ ਨਾਲ ਬੁਝੇ ਦਿਲ ਨੇ ਉਸਰੱਗੀ ਪਕੜੀ ਤੇ ਜੀਵਨ ਪਲਟਾ ਖਾ ਗਿਆ। ਅੱਠ ਪਹਿਰੀ ਲਿਵ ਲੱਭੀ, ਪਰ ਨਾਲ ਹਉਂ ਰਹਿਤ ਚੜ੍ਹਦੀਆਂ ਕਲਾਂ ਤੇ ਆਤਮਾ ਦਾ ਖੇੜਾ ਲੱਧਾ। ਸੋ ਬੰਦੇ ਦੀ ਉਸ ਦਾਤੇ ਨਾਲ ਮਹਾਂ ਪ੍ਰੀਤ ਹੋ ਗਈ ਅਰ ਸਹਿਜੇ ਸਹਿਜੇ ਉਸ ਦੀ ਕਾਇਆ ਸਾਰੀ ਪਲਟ ਗਈ। ਅੰਤ ਬੰਦਾ ਡਾਢਾ ਪ੍ਰੇਮੀ ਹੋ ਗਿਆ ਤੇ ਉਸ ਨੇ ਅੰਮ੍ਰਿਤ ਛਕਿਆ ਤੇ ਖ਼ਾਲਸਾ ਤਵਾਰੀਖ ਵਾਲਾ ਲਿਖਦਾ ਹੈ ਕਿ ਉਸਦਾ ਨਾਉਂ ਗੁਰੂ ਜੀ ਨੇ ਬੰਦਾ ਸਿੰਘ ਰੱਖ ਦਿਤਾ ਸੀ। ਇਹ ਬੀ ਦੱਸੀਦਾ ਹੈ ਕਿ ਉਸਦਾ ਨਾਉਂ ਗੁਰਬਖਸ਼ ਸਿੰਘ ਧਰਿਆ ਸੀ। ਜਦੋਂ ਉਹ ਸ਼ਰਨਾਗਤ ਆਇਆ ਹੈ ਤਾਂ ਮਹਾਰਾਜ ਜੀ ਨੇ ਪੁਛਿਆ ਸੀ ਕਿ ਤੂੰ ਕੌਣ ਹੈਂ? ਉਸ ਕਿਹਾ ਸੀ ਮੈਂ ਬੰਦਾ। ਉਸ ਦਾ 'ਬੰਦਾ' ਕਹਿਣਾ ਹੀ ਉਸ ਦਾ ਪ੍ਰਸਿਧ ਨਾਮ ਹੋ ਗਿਆ ਤੇ ਅਜ ਤਕ ਰਹਿ ਗਿਆ। ਹੋਰ ਉਸ ਦੇ ਚਾਰੋਂ ਨਾਮ ਲਛਮਨ ਦਾਸ (ਯਾ ਦੇਵ), ਮਾਧੋ ਦਾਸ, ਨਰਾਇਨ ਗਿਰ ਯਾ ਦਾਸ ਤੇ ਗੁਰਬਖਸ਼ ਸਿੰਘ ਆਮ ਲੋਕਾਂ ਵਿਚ ਪ੍ਰਸਿਧ ਨਹੀਂ ਹੋਏ। 'ਬੰਦਾ ਬੰਦਾ' ਹੀ ਅਜ ਤਕ ਵੱਜਦਾ ਹੈ।

ਬੰਦੇ ਨੂੰ ਹੁਣ ਸਿੱਖਾਂ ਵਿਚ ਵੱਸਕੇ ਪੰਜਾਬ ਦੇ ਸਾਰੇ ਹਾਲ ਮਲੂਮ ਹੋਏ, ਗੁਰੂ ਜੀ ਦੇ ਕਾਰਨਾਮਿਆਂ ਦਾ ਪਤਾ ਲਗਾ। ਸਾਹਿਬਜ਼ਾਦਿਆਂ ਦੀ ਅਕਹਿ ਚਲਾਣੇ ਦੀ ਘਟਨਾ, ਪੰਥ ਦੇ ਕਤਲ ਤੇ ਦੁਖੜੇ ਸੁਣੇ ਗੁਰੂ ਜੀ ਦੇ ਅਵਤਾਰ ਤੇ ਪੈਗ਼ੰਬਰੀ ਦੇ ਨਾਲ ਜਗਤ ਦੇ ਸਿਰੋਂ ਜ਼ੁਲਮ ਦੇ ਭਾਰ ਉਤਾਰਨ ਦੇ ਸਾਕੇ ਤੇ ਯਤਨ ਕੰਨੀਂ ਪਏ; ਤਦ ਉਸਦਾ ਸੁਤੇ ਹੀ ਪੁਰਾਣਾ ਬੀਰ ਮਨ ਉਛਾਲੇ ਖਾਵੇ ਤੇ ਚਾਹੇ ਕਿ ਉਸ ਮਹਾਨ ਦਾਤੇ ਦੀ ਕੋਈ ਸੇਵਾ ਕਰਾਂ, ਜਿਸ ਨੇ ਮੈਨੂੰ ਨਾਟਕਾਂ ਚੇਟਕਾਂ ਤੋਂ ਕੱਢਕੇ ਬ੍ਰਹਮ ਸਾਖਯਾਤਕਾਰ ਕੀਤਾ ਹੈ ਤੇ ਉਹ ਮਾਰਗ ਦੱਸਿਆ ਹੈ ਕਿ ਜਿਸ ਵਿਚ ਸਹਿਜੇ ਹੀ ਜੋਗੀ ਹੋਕੇ ਰਾਜ ਜੋਗ ਕਮਾ ਸਕੀਦਾ ਹੈ। ਸੁਰਤ ਸਦਾ ਸਾਈਂ ਦੀ ਲਿਵ ਵਿਚ ਰਹਿੰਦੀ, ਨਿਸ਼ਕਾਮ ਕੰਮ-ਜਿਨ੍ਹਾਂ ਵਿਚ ਉਤਸਾਹ ਹੋਵੇ-ਕਰ ਜਾਂਦੀ ਹੈ ਤੇ ਕੰਮ ਕਰਦੀ ਲਿਪਾਇਮਾਨ ਨਹੀਂ ਹੁੰਦੀ। ਕੁਛ ਚਿਰ ਤਾਂ ਬੰਦੇ ਨੇ ਦਰਸ਼ਨਾਂ ਦਾ ਰਸ ਲਿਆ, ਸਤਿ-ਸੰਗਤ ਦਾ ਰਸ, ਅੰਤ੍ਰਾਤਮੇ ਹੋਕੇ, ਬ੍ਰਹਮ ਗਿਆਨੀ ਹੋਕੇ ਲਿਵਲੀਨਤਾ ਦਾ ਰਸ ਲਿਆ, ਫ਼ੇਰ ਦਾਤੇ ਦੀ ਮਿਹਰ ਨਾਲ ਕੀ ਡਿੱਠਾ ਕਿ ਮੈਂ ਸਿਮਰਨ ਵਿਚ ਰਹਿਕੇ ਕੰਮ ਬੀ ਕਰ ਸਕਦਾ ਹਾਂ, ਤਦ ਉਸ ਫ਼ੈਸਲਾ ਕੀਤਾ ਕਿ ਜੇ ਦਾਤਾ ਹੁਕਮ ਕਰੇ ਤਾਂ ਮੈਂ ਉਹ ਕੁਛ ਜ਼ਰੂਰ ਕਰਾਂ ਜੋ ਕੁਛ ਕਿ ਦਾਤਾ ਆਖੇ।

ਜੰਗ ਸਭ ਕੋਈ ਕਰ ਸਕਦਾ ਹੈ, ਹਉਂ ਹੰਕਾਰ ਵਿਚ ਕੁਰਬਾਨੀ ਕਰਨੀ ਬੀ ਬਹੁਤ ਕਠਨ ਨਹੀਂ, ਪਰ ਵਾਹਿਗੁਰੂ ਦਾ ਰਸੀਆ ਹੋਕੇ ਤੇ ਕੋਈ ਕਾਮਨਾ ਨਾ ਰੱਖਕੇ ਨਿਰੇ ਪਰਾਏ ਭਲੇ ਹਿਤ ਜੰਗ ਕਰ ਸਕਨਾ, ਇਹ ਉਨ੍ਹਾਂ ਜੋਗੀਆਂ ਦਾ ਕੰਮ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਏ।

ਇਕ ਦਿਨ ਗੁਰੂ ਜੀ ਉਸ ਥਾਵੇਂ ਬੈਠੇ ਸੇ ਜੋ ਹੁਣ ਸ਼ਿਕਾਰ ਘਾਟ ਕਹਿਲਾਉਂਦਾ ਹੈ। ਸ਼ਿਕਾਰ ਖੇਡਕੇ ਆਏ ਸਨ, ਕਮਰਕਸੇ ਖੋਹਲਕੇ ਬਿਸਰਾਮ ਕਰ ਰਹੇ ਸੇ, ਕੁਛ ਸਿੰਘ ਪ੍ਰਸ਼ਾਦ ਤਿਆਰ ਕਰ ਰਹੇ ਸੇ, ਬੰਦਾ ਪਾਸ ਬੈਠਾ ਚਰਨ ਦਬਾ ਰਿਹਾ ਸੀ ਕਿ ਗੁਰੂ ਜੀ ਬੋਲੇ:-

ਤਿਆਗ ਭਲਾ ਹੈ ਕਿ ਗ੍ਰਹਣ?

**ਬੰਦਾ—** ਨਿਰਾ ਗ੍ਰਹਣ ਮੈਂ ਆਪਣੇ ਘਰ ਰਾਜੌਰੀ ਰਹਿੰਦਿਆਂ ਕਰ ਡਿੱਠਾ ਹੈ, ਨਿਰਾ ਤਿਆਗ ਮੈਂ ਨਾਸਕ ਤੇ ਨਾਂਦੇੜ ਰਹਿਕੇ ਉਮਰਾ ਗਾਲਕੇ ਕੀਤਾ ਹੈ। ਦੋਵੇਂ ਦੁੱਖ ਦਾ ਮੂਲ ਹਨ। ਜੇ ਆਪ ਨੈਣ ਖੁਹਲ ਦਿਓ, ਪਾਰ ਉਤਾਰੇ ਦਾ ਝਾਕਾ ਬਖਸ਼ ਦਿਓ, ਮਨ ਨੀਵਾਂ ਮਤ ਉੱਚੀ ਕਰ ਦਿਓ, ਮਤ ਵਾਹਿਗੁਰੂ ਦੀ ਰਾਖੀ ਵਿਚ ਰਖਵਾ ਦਿਓ, ਫ਼ੇਰ ਗ੍ਰਹਣ ਤਿਆਗ ਕੱਠੇ ਹੋ ਜਾਂਦੇ ਹਨ ਤੇ ਦੋਵੇਂ ਵਾਹਿਗੁਰੂ ਦਾ ਜਲਾਲ ਪਏ ਪ੍ਰਗਟ ਕਰਦੇ ਹਨ। ਹਉਂ ਹੰਕਾਰ ਦੇ ਬੱਧੇ ਗ੍ਰਹਣ ਤਿਆਗ ਦੋਏ ਨਿਕੰਮੇ ਦਿੱਸ ਪਏ ਹਨ, ਹਾਂ ਤੁਸਾਂ ਦਰਸਾਏ ਹਨ।

**ਗੁਰੂ ਜੀ—** ਫ਼ੇਰ ਜੇ ਕੋਈ ਗ੍ਰਿਹਸਤ ਵਿਚ ਮਾਇਆਧਾਰੀ ਹੋਕੇ ਤੇ ਰੱਬ ਨੂੰ ਭੁਲਾ ਕੇ ਦਾਵਾ ਕਰੇ ਕਿ ਗ੍ਰਿਹਸਤ ਬੜਾ ਹੈ, ਕਿਉਂਕਿ ਸਾਧੂ ਗ੍ਰਿਹਸਥੀ

(ਬਾਕੀ ਪੰਨਾ 10 'ਤੇ)

# ਬਾਬਾ ਬੰਦਾ ਸਿੰਘ ਬਹਾਦਰ

❖ ਡਾ. ਗੁਰਬਚਨ ਸਿੰਘ

ਸਿੱਖ ਗੁਰੂ ਸਾਹਿਬਾਨ ਦੁਆਰਾ ਚਲਾਇਆ ਗਿਆ ਧਰਮ ਅੰਦੋਲਨ ਜੋ ਬੰਦਾ ਸਿੰਘ ਬਹਾਦਰ ਦੇ ਸਮੇਂ ਰਾਜਨੀਤਕ ਮੋੜ ਮੁੜ ਗਿਆ, ਸਿੱਖ ਧਰਮ ਵਿਚ ਇਕ ਮਹਾਨ ਕ੍ਰਾਂਤੀ ਸੀ। ਇਹੀ ਕਾਰਨ ਸੀ ਕਿ ਸਮਕਾਲੀ ਅਤੇ ਨਿਕਟ ਸਮਕਾਲੀ ਫ਼ਾਰਸੀ ਦੇ ਲੇਖਕਾਂ ਨੇ ਅਜੇਹੀ ਘਿਰਨਾ ਕਿਸੇ ਵੀ ਇਤਿਹਾਸਕ ਸ਼ਖ਼ਸੀਅਤ ਲਈ ਰੂਪਮਾਨ ਨਹੀਂ ਕੀਤੀ ਜਿੰਨੀ ਬੰਦਾ ਸਿੰਘ ਬਹਾਦਰ ਲਈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਉਹਨਾਂ ਵਿਅਕਤੀਆਂ ਦੇ ਹੱਥੋਂ ਜਿਨ੍ਹਾਂ ਦੀ ਬੰਦਾ ਸਿੰਘ ਬਹਾਦਰ ਦੁਆਰਾ ਤਬਾਹੀ ਕੀਤੀ ਗਈ ਹੋਵੇ, ਪ੍ਰਸੰਸਾ ਕਰਨੀ ਜਾਂ ਸੁਣਨੀ ਅਸੰਭਵ ਸੀ। ਥੋਰਨਟਨ ਨੇ ਆਪਣੀ ਰਚਨਾ **ਹਿਸਟਰੀ ਆਫ਼ ਦਾ ਪੰਜਾਬ** ਵਿਚ ਠੀਕ ਹੀ ਤਾਂ ਕਿਹਾ ਹੈ ਕਿ ਅਜੇਹੇ ਵਿਅਕਤੀਆਂ ਦਾ ਪੂਰਨ ਰੂਪ ਵਿਚ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਉਹ ਬੰਦਾ ਸਿੰਘ ਬਹਾਦਰ ਨੂੰ ਇਕ ਦਾਨਵ ਜਾਂ ਦੁਰਆਤਮਾ ਦੇ ਰੂਪ ਵਿਚ ਪੇਸ਼ ਕਰਦੇ ਹਨ, ਪਰੰਤੂ ਇਤਿਹਾਸਕ ਸੰਦਰਭ ਵਿਚ ਦੇਖਣ ਤੋਂ ਪਤਾ ਚਲਦਾ ਹੈ ਕਿ ਬੰਦਾ ਸਿੰਘ ਬਹਾਦਰ ਸਬੰਧੀ ਅਜੇਹੀ ਕੋਈ ਗੱਲ ਨਹੀਂ ਸੀ। **ਸੀਅਰਲ ਮੁਤਾਖਰੀਂ** ਦਾ ਕਰਤਾ ਲਿਖਦਾ ਹੈ ਕਿ ਬੰਦਾ ਸਿੰਘ ਬਹਾਦਰ ਦੇ ਆਚਰਨ ਸਬੰਧੀ ਨਿਸਚੇ ਹੀ ਇਹ ਕਿਹਾ ਜਾ ਸਕਦਾ ਹੈ ਕਿ ਆਪਣੇ ਵੈਰੀ ਨਾਲ ਵੀ ਉਹ ਨੇਕੀ ਅਤੇ ਤੀਖਣਤਾ ਨਾਲ ਪੇਸ਼ ਆਉਂਦਾ। ਇਥੋਂ ਤਕ ਕਿ ਬਹੁਤ ਸਾਰੇ ਲਿਖਾਰੀ ਬੰਦਾ ਸਿੰਘ ਬਹਾਦਰ ਦੇ ਸੁਭਾਅ ਦੇ ਸੀਤਲਤਾ ਅਤੇ ਦਲੇਰੀ ਦੇ ਗੁਣਾਂ ਸਬੰਧੀ ਖੁਲ੍ਹ ਕੇ ਗੱਲ ਕਰਦੇ ਹਨ। ਅਸਲ ਵਿਚ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ ਦੇ ਸਮੇਂ ਤੋਂ ਆਪਣੀ ਸ਼ਹੀਦੀ ਤਕ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਦਾ ਪੈਰੋਕਾਰ ਰਿਹਾ। ਬੰਦਾ ਸਿੰਘ ਬਹਾਦਰ ਦਾ ਜਨਮ 17 ਅਕਤੂਬਰ, 1670 ਈ. ਵਿਚ ਜ਼ਿਲ੍ਹਾ ਪੁੰਛ ਵਿਚ ਪਿੰਡ ਰਜੌਰੀ ਦੇ ਅਸਥਾਨ ਉੱਤੇ ਇਕ ਰਾਜਪੂਤ ਕਿਸਾਨ ਰਾਮ ਦੇਵ ਦੇ ਘਰ ਹੋਇਆ ਜਿਸਨੇ ਇਸ ਦਾ ਨਾਮ ਲਛਮਣ ਦਾਸ ਰੱਖਿਆ। ਇਕ ਰਵਾਇਤ ਅਨੁਸਾਰ ਇਕ ਵਾਰੀ ਉਸਨੇ ਇਕ ਗਰਭਵਤੀ ਹਿਰਨੀ ਦਾ ਸ਼ਿਕਾਰ ਕੀਤਾ ਜੋ ਉਸ ਦੇ ਸਾਹਮਣੇ ਆਪਣੇ ਬੱਚਿਆਂ ਸਹਿਤ ਤੜਫ ਤੜਫ ਕੇ ਜਾਨ ਦੇ ਗਈ। ਇਸ ਦਰਦਨਾਕ ਘਟਨਾ ਦਾ ਉਸ ਉੱਤੇ ਇਤਨਾ ਪ੍ਰਭਾਵ ਪਿਆ ਕਿ ਉਸ ਨੇ ਤਿਆਗੀ ਜੀਵਨ ਬਤੀਤ ਕਰਨ ਦਾ ਨਿਸ਼ਚਾ ਕੀਤਾ। ਉਸ ਨੇ ਆਪਣਾ ਨਾਂ ਬਦਲ ਕੇ ਮਾਧੋ ਦਾਸ ਰੱਖਿਆ ਅਤੇ ਧਾਰਮਿਕ ਕਰਤੱਵਾਂ ਨੂੰ ਨਿਭਾਉਂਦਾ ਹੋਇਆ ਗੋਦਾਵਰੀ ਤੇ ਕੰਢੇ ਉੱਤੇ ਨਾਸਕ ਦੇ ਅਸਥਾਨ ਉੱਤੇ ਜਾ ਪੁੱਜਾ। ਉਹ ਅਮਰ ਨਾਮੀ ਜੋਗੀ ਦਾ ਚੇਲਾ ਬਣ ਗਿਆ ਜਿਸ ਨੇ ਉਸ ਨੂੰ ਮੰਤਰ ਵਿੱਦਿਆ ਸਿਖਾਈ। ਕੁਝ ਦੇਰ ਪਿਛੋਂ ਜੋਗੀ ਦੇ ਪ੍ਰਲੋਕ ਸਿਧਾਰਨ ਉਪਰੰਤ ਨਾਂਦੇੜ ਜਾ ਕੇ ਪੁੱਜਾ ਅਤੇ ਉੱਥੇ ਆਪਣੇ ਮੱਠ ਨੂੰ ਸਥਾਪਿਤ ਕੀਤਾ। ਮਾਧੋ ਦਾਸ ਉੱਥੇ ਜਾਦੂ-ਮੰਤਰ ਆਦਿ ਦਾ ਆਸਰਾ ਲੈ ਯਾਤਰੀਆਂ ਨੂੰ ਭਰਮਾਉਂਦਾ। ਸੰਤਬਰ 1708 ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਪੁੱਜੇ। ਗੁਰੂ ਸਾਹਿਬ ਦੇ ਨਾਲ ਵੀ ਉਸ ਨੇ ਅਜਿਹਾ ਵਿਵਹਾਰ ਕਰਨ ਦਾ ਯਤਨ ਕੀਤਾ। ਅਹਿਮਦ ਸ਼ਾਹ ਬਟਾਲੀਆ ਆਪਣੀ ਰਚਨਾ **ਤਾਰੀਖ-ਏ-ਹਿੰਦ** ਦੇ ਇਕ ਅਧਿਆਇ **ਜ਼ਿਕਰ-ਏ-ਗੁਰੂਆਂ ਇਬਤਿਦਾ-ਏ-ਸਿੰਘਾਂ ਵਾ ਮਜ਼ਹਬ-ਏ-ਏਸ਼ਾਂ** ਵਿਚ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨਾਲ ਬੰਦਾ ਬਹਾਦਰ ਜੀ ਦੀ ਉਸ ਦੇ ਮੱਠ ਵਿਚ ਨੰਦੇੜ ਵਿਖੇ ਨਿਮਨ-ਲਿਖਤ ਗੱਲਬਾਤ ਹੋਈ।

ਮਾਧੋ ਦਾਸ : ਤੁਸੀਂ ਕੌਣ ਹੋ?

ਗੁਰੂ ਗੋਬਿੰਦ ਸਿੰਘ : ਜਿਸ ਨੂੰ ਤੁਸੀਂ ਜਾਣਦੇ ਹੋ।

ਮਾਧੋ ਦਾਸ : ਮੈਂ ਕੀ ਜਾਣਦਾ ਹਾਂ?

ਗੁਰੂ ਗੋਬਿੰਦ ਸਿੰਘ : ਇਸ ਉੱਤੇ ਵਿਚਾਰ ਕਰੋ।

ਮਾਧੋ ਦਾਸ : ਸੋ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਹੋ।

ਗੁਰੂ ਗੋਬਿੰਦ ਸਿੰਘ : ਹਾਂ।

ਮਾਧੋ ਦਾਸ : ਤੁਸੀਂ ਇੱਥੇ ਕਿਸ ਮੰਤਵ ਲਈ ਆਏ ਹੋ?

ਗੁਰੂ ਗੋਬਿੰਦ ਸਿੰਘ : ਮੈਂ ਤੈਨੂੰ ਆਪਣਾ ਚੇਲਾ ਬਣਾਉਣ ਆਇਆ ਹਾਂ।

ਮਾਧੋ ਦਾਸ : ਮੈਂ ਤੁਹਾਡੀ ਸ਼ਰਨ ਸਵੀਕਾਰ ਕਰਦਾ ਹਾਂ।

ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ ਸੰਘਰਸ਼ ਆਰੰਭਣ ਹਿੱਤ ਬੰਦਾ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਇਕ ਨਗਾਰਾ, ਝੰਡਾ ਅਤੇ ਪੰਜ ਤੀਰ ਆਪਣੇ ਤੀਰ ਕਮਾਨ ਵਿਚੋਂ ਕੱਢ ਕੇ ਦਿੱਤੇ ਅਤੇ ਪੰਜਾਬ ਨੂੰ ਰਵਾਨਾ ਕੀਤਾ। ਰਵਾਇਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਬਹਾਦਰ ਨੂੰ ਤਾਕੀਦ ਕੀਤੀ ਕਿ ਉਹ ਆਚਰਣ ਵਿਚ ਸਚਿਆਰ ਰਹੇ। ਉਹ ਆਪਣੇ ਆਪ ਨੂੰ ਖਾਲਸੇ ਦਾ ਸੇਵਕ ਜਾਣਦਾ ਹੋਇਆ ਪੰਜ ਪਿਆਰਿਆਂ ਦੀ ਸਲਾਹ ਉੱਤੇ ਚੱਲੇ।

ਗੁਰੂ ਸਾਹਿਬ ਨੇ ਆਪਣੇ ਸਿੰਘਾਂ ਦੇ ਨਾਮ ਬੰਦਾ ਸਿੰਘ ਬਹਾਦਰ ਨੂੰ ਕੁਝ ਹੁਕਮਨਾਮੇ ਵੀ ਦਿੱਤੇ ਤਾਂ ਜੋ ਉਹ ਪੰਜਾਬ ਵਿਚ ਉਸ ਦੁਆਲੇ ਇਕੱਤਰ ਹੋ ਸਕਣ। ਬਾਬਾ ਬੰਦਾ ਸਿੰਘ ਬਹਾਦਰ ਨੇ ਖੜਖਾਉਂਦੇ ਪ੍ਰਗਨੇ ਵਿਚ ਪਹੁੰਚ ਕੇ ਇਹ ਹੁਕਮਨਾਮੇ ਆਗੂ ਸਿੰਘਾਂ ਦੇ ਨਾਂ ਭੇਜ ਦਿੱਤੇ। ਉਸ ਨੇ ਉਨ੍ਹਾਂ ਨੂੰ ਜ਼ੁਲਮ ਦਾ ਨਾਸ਼ ਕਰਨ ਅਤੇ ਵਜ਼ੀਰ ਖ਼ਾਂ ਅਤੇ ਪਹਾੜੀ ਰਾਜਿਆਂ ਦੁਆਰਾ ਕੀਤੇ ਗਏ ਅਤਿਆਚਾਰਾਂ ਦੀ ਸਜ਼ਾ ਦੇਣ ਲਈ ਸੁਨੇਹੇ ਭੇਜੇ। ਕਿਹਾ ਜਾਂਦਾ ਹੈ ਕਿ ਛੇਤੀ ਹੀ ਬਹੁਤ ਸਾਰੇ ਸਿੰਘ, ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਇਕੱਤਰ ਹੋ ਗਏ, ਜਿਨ੍ਹਾਂ ਨੂੰ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਤਰਫ਼ ਕੂਚ ਕੀਤਾ ਅਤੇ ਮੁਗ਼ਲਾਂ ਦੇ ਚੋਣਵੇਂ ਸਥਾਨਾਂ ਨੂੰ ਤਬਾਹ ਕੀਤਾ। 26 ਨਵੰਬਰ, 1709 ਨੂੰ ਉਸ ਨੇ ਸਮਾਣਾ ਵਿਖੇ, ਜੋ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਜਲਾਲ-ਉਦ-ਦੀਨ ਦਾ ਨਿਵਾਸ ਅਸਥਾਨ ਸੀ, ਫਤਹਿ ਕੀਤਾ। ਇਸ ਉਪਰੰਤ ਸ਼ਾਹਬਾਦ, ਡਸਕਾ, ਮੁਸਤਫਾਬਾਦ ਆਦਿ ਇਲਾਕਿਆਂ ਨੂੰ ਸੋਧਿਆ।

ਕਪੂਰੀ ਦੇ ਕਸਬੇ ਦਾ ਕਦਾਮ-ਉਦ-ਦੀਨ ਜੋ ਸਿੰਘਾਂ ਵਿਰੁੱਧ ਲੁੱਟ-ਮਾਰ ਕਰਨ ਹਿੱਤ ਮੁਹਿੰਮਾਂ ਭੇਜਦਾ ਸੀ, ਨੂੰ ਵੀ ਮਾਰ ਮੁਕਾਇਆ, ਜਿਸ ਉਪਰੰਤ ਬੰਦੇ ਨੇ ਸਢੌਰੇ ਵੱਲ ਧਿਆਨ ਕੀਤਾ। ਸਢੌਰਾ ਹਿੰਦੂਆਂ ਵਿਰੁੱਧ ਜ਼ੁਲਮ ਢਾਹੁਣ ਦਾ ਇਕ ਬਦਨਾਮ ਕੇਂਦਰ ਸੀ। ਉੱਥੋਂ ਦੇ ਹਾਕਮ ਅਸਮਾਨ ਖਾਂ ਦੀ ਵੀ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਹਾਇਕ ਬੁੱਧੂ ਸ਼ਾਹ ਨੂੰ ਮਾਰ ਮੁਕਾਇਆ ਸੀ, ਅਲਖ ਮਿਟਾਈ ਗਈ। ਬੰਦਾ

ਬਹਾਦਰ ਦੀਆਂ ਇਨ੍ਹਾਂ ਜਿੱਤਾਂ ਦੇ ਕਾਰਨ ਸਥਾਨਕ ਕਿਸਾਨ ਉਸ ਦੇ ਨਾਲ ਹੋ ਗਏ। ਸਢੌਰੇ ਉਪਰੰਤ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਖਲਸ ਖ਼ਾਂ ਦੇ ਕਿਲ੍ਹੇ ਉੱਤੇ ਜਿੱਤ ਪ੍ਰਾਪਤ ਕੀਤੀ। ਇਸ ਦੌਰਾਨ ਮਾਲਵੇ ਤੇ ਮਾਝੇ ਦੇ ਸਿੱਖ ਵੀ ਬੰਦਾ ਸਿੰਘ ਬਹਾਦਰ ਨਾਲ ਮਿਲ ਗਏ।

ਸਰਹਿੰਦ ਨੂੰ ਉਸ ਸਮੇਂ ਇਸ ਲਈ ਦੁਰਕਾਰਿਆ ਗਿਆ ਕਿ ਉੱਥੇ ਵਜ਼ੀਰ ਖਾਂ ਦੁਆਰਾ ਗੁਰੂ ਸਾਹਿਬ ਦੇ ਦੋ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਗਿਆ ਸੀ। ਬੰਦਾ ਸਿੰਘ ਬਹਾਦਰ ਆਪਣੇ ਨਾਲ ਗੁਰੂ ਗੋਬਿੰਦ ਸਿੰਘ ਦੇ ਇਕੱਤਰ ਹੋਏ ਸ਼ਰਧਾਲੂਆਂ - ਫੂਲ ਪਰਿਵਾਰ ਦੇ ਰਾਮਾ ਤੇ ਤ੍ਰਿਲੋਕਾ ਦੁਆਰਾ ਭੇਜੀ ਕੁਮਕ ਅਤੇ ਕੁਝ ਅਜਿਹੇ ਵਿਅਕਤੀਆਂ ਨੂੰ ਨਾਲ ਲੈ ਕੇ, ਜੋ ਸਿੱਖੀ ਅੰਦੋਲਨ ਵਿਚ ਹਮਦਰਦੀ ਰੱਖਦੇ ਸਨ, ਅੱਗੇ ਨੂੰ ਵਧਿਆ। ਉਸ ਦੇ ਨਾਲ ਕੁਝ ਅਜਿਹੇ ਵਿਅਕਤੀ ਵੀ ਸਨ ਜੋ ਲੁੱਟਮਾਰ ਦੇ ਲਾਲਚ ਸਦਕਾ ਵੀ ਖਿਚੇ ਗਏ। ਇਨ੍ਹਾਂ ਸਮੂਹ ਸ਼੍ਰੇਣੀਆਂ ਦੀ ਗਿਣਤੀ ਖਾਫ਼ੀ ਖ਼ਾਂ ਦੀ **ਮੁਨਤਖਿਬ-ਉਲ-ਲੁਬਾਬ** ਅਨੁਸਾਰ 40,000 ਸੀ। ਪਰ ਖਾਫ਼ੀ ਖਾਂ ਦਾ ਇਹ ਅੰਦਾਜ਼ਾ ਗ਼ਲਤ ਪ੍ਰਤੀਤ ਹੁੰਦਾ ਹੈ ਕਿਉਂਕਿ ਬੰਦਾ ਸਿੰਘ ਬਹਾਦਰ ਕੋਲ ਉਸ ਸਮੇਂ ਨਾ ਹੀ ਗੋਲੀ ਸਿੱਕਾ ਸੀ ਅਤੇ ਨਾ ਹੀ ਹਾਥੀ ਤੇ ਨਾ ਹੀ ਕਾਫ਼ੀ ਗਿਣਤੀ ਵਿਚ ਘੋੜ ਸਵਾਰ ਸਨ। 15 ਮਈ, 1710 ਈ. ਵਿਚ ਚੱਪੜਚਿੜੀ ਦੇ ਯੁੱਧ ਵਿਚ ਨਵਾਬ ਵਜ਼ੀਰ ਖ਼ਾਂ ਦੀਆਂ ਫ਼ੌਜਾਂ ਨੂੰ ਭਾਰੀ ਹਾਰ ਹੋਈ। ਉਸ ਦੀ ਫ਼ੌਜ ਦਾ ਕੋਈ ਵਿਰਲਾ ਹੀ ਵਿਅਕਤੀ ਬਚ ਸਕਿਆ। ਲੜਾਈ ਵਿਚ ਜਿੱਤ ਤੋਂ ਦੋ ਦਿਨ ਬਾਅਦ ਬਾਬਾ ਬੰਦਾ ਸਿੰਘ ਬਹਾਦਰ 10 ਮੀਲ ਦੀ ਦੂਰੀ ਉੱਤੇ ਖ਼ੁਦ ਸਰਹਿੰਦ ਪੁੱਜਾ ਤੇ ਸ਼ਹਿਰ ਵਿਚ ਤਬਾਹੀ ਮਚਾਈ ਗਈ।

ਇੱਥੇ ਇਹ ਦੱਸਣਾ ਮਹੱਤਤਾ ਯੋਗ ਹੋਵੇਗਾ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਸਭ ਤੋਂ ਵੱਡੀ ਦੇਣ ਜ਼ਿਮੀਂਦਾਰੀ ਪ੍ਰਨਾਲੀ ਨੂੰ ਖ਼ਤਮ ਕਰਨਾ ਸੀ ਕਿਉਂਕਿ ਬੰਦਾ ਸਿੰਘ ਬਹਾਦਰ ਦੇ ਸਮੇਂ ਤਕ ਉਹ ਵੱਡੇ-ਵੱਡੇ ਜ਼ਿਮੀਂਦਾਰ ਜੋ ਆਮ ਤੌਰ ਉੱਤੇ ਸਰਕਾਰੀ ਮੁਲਾਜ਼ਮ ਹੁੰਦੇ ਸਨ ਤੇ ਭੂਮੀ ਕਰ ਨੂੰ ਇਕੱਤਰ ਕਰਕੇ ਸਰਕਾਰ ਦੇ ਖ਼ਜ਼ਾਨੇ ਵਿਚ ਜਮ੍ਹਾਂ ਕਰਾਉਣ ਦੇ ਜ਼ੁੰਮੇਵਾਰ ਸਨ, ਭੂਮੀ ਦੇ ਮਾਲਕ ਪੂਰੇ ਪੂਰੇ ਬਣ ਚੁੱਕੇ ਸਨ। ਉਹ ਜਦੋਂ ਜੀਅ ਚਾਹੇ ਹਲ-ਵਾਹਕ ਨੂੰ ਖੇਤਾਂ ਵਿਚੋਂ ਕੱਢ ਦਿੰਦੇ ਅਤੇ ਉਨ੍ਹਾਂ ਉੱਤੇ ਜ਼ਬਰ-ਜ਼ੋਰ ਕਰਦੇ। ਆਪਣੀ ਮਰਜ਼ੀ ਨਾਲ ਕਰ ਲਗਾਉਂਦੇ ਤੇ ਪ੍ਰਾਪਤ ਕਰਦੇ ਸਨ। ਬਹੁਤ ਸਾਰੇ ਪ੍ਰਾਂਤਾਂ ਵਿਚ ਇਹੋ ਕੁਝ ਹੋ ਰਿਹਾ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਭੂਮੀ-ਵਾਹਕ ਨੂੰ ਭੂਮੀ ਦਾ ਮਾਲਕ ਘੋਸ਼ਿਤ ਕਰ ਦਿੱਤਾ। ਇਸ ਸੰਬੰਧ ਵਿਚ ਇਰਵਨ ਆਪਣੀ ਰਚਨਾ **ਲੈਟਰ ਮੁਗਲਜ਼** ਵਿਚ ਲਿਖਦਾ ਹੈ ਕਿ ਬਹੁਤ ਸਾਰੇ ਪ੍ਰਗਨਿਆਂ ਵਿਚ, ਜਿਨ੍ਹਾਂ ਦੇ ਸਿੱਖ ਮਾਲਕ ਬਣੇ, ਭੂਮੀ-ਨੀਤੀ ਪੂਰਨ ਰੂਪ ਬਦਲਾ ਕੇ ਰੱਖ ਦਿੱਤੀ ਗਈ। ਗ਼ਰੀਬ ਗ਼ੁਰਬੇ ਹੱਲ-ਵਾਹਕ ਭੂਮੀ ਦੇ ਮਾਲਕ ਬਣ ਗਏ। ਉੱਚ ਜਨਮੇ ਤੇ ਸ਼ਾਹੂਕਾਰ ਉਨ੍ਹਾਂ ਦਾ ਸਤਿਕਾਰ ਕਰਨ ਲੱਗੇ। ਇੱਥੋਂ ਤਕ ਕਿ ਕੋਈ ਵੀ ਅਧਿਕਾਰੀ ਅਜਿਹਾ ਨਹੀਂ ਸੀ ਜੋ ਬੰਦਾ ਸਿੰਘ ਬਹਾਦਰ ਦੇ ਹੱਲ-ਵਾਹਕਾਂ ਦੇ ਹਿੱਤ ਵਿਚ ਦਿੱਤੇ ਹੁਕਮਾਂ ਦੀ ਨਿਰਾਦਰੀ ਕਰਦਾ, ਭਾਵੇਂ ਅਜਿਹਾ ਥੋੜ੍ਹੀ ਦੇਰ ਲਈ ਹੀ ਰਿਹਾ।

ਇਸ ਉਪਰੰਤ ਬੰਦਾ ਸਿੰਘ ਬਹਾਦਰ ਨੇ ਜਲਾਲਾਬਾਦ ਤੇ ਜਲੰਧਰ ਦੇ ਇਲਾਕਿਆਂ ਦਾ ਘੇਰਾ ਘੱਤਿਆ। ਜਲੰਧਰ ਤੇ ਹੁਸ਼ਿਆਰਪੁਰ ਉਪਰ ਵੀ ਕਬਜ਼ਾ ਕਰ ਲਿਆ ਗਿਆ ਅਤੇ ਜਲਦੀ ਹੀ ਬੰਦਾ ਸਿੰਘ ਬਹਾਦਰ ਦਾ ਬੋਲ-ਬਾਲਾ ਹੋ ਗਿਆ। ਇਸ ਉਪਰੰਤ ਮਾਝੇ ਤੇ ਰਿਆੜਕੀ ਦਾ ਇਲਾਕਾ ਵੀ ਬੰਦਾ ਸਿੰਘ ਬਹਾਦਰ ਦੀ ਜਿੱਤ ਦਾ ਭਾਗੀ ਬਣਿਆ।

ਬੰਦਾ ਸਿੰਘ ਬਹਾਦਰ ਆਪਣਾ ਝੰਡਾ ਲਾਹੌਰ ਦੀਆਂ ਦੀਵਾਰਾਂ ਤਕ ਲਿਜਾਣ ਵਿਚ ਸਫ਼ਲ ਹੋਇਆ, ਜਿਸ ਦੇ ਫ਼ਲਸਰੂਪ ਹਰਾ ਝੰਡਾ ਜਿਸ ਨੂੰ ਹੈਦਰੀ ਝੰਡਾ ਕਹਿੰਦੇ ਹਨ, ਉਸ ਵਿਰੁੱਧ ਜਹਾਦ ਬੁਲੰਦ ਕੀਤਾ ਗਿਆ ਤੇ ਸਿੱਖਾਂ ਵਿਰੁੱਧ ਜਹਾਦ ਇੰਨਾ ਸ਼ਕਤੀਸ਼ਾਲੀ ਰੂਪ ਧਾਰਨ ਕਰ ਗਿਆ ਕਿ ਬੰਦਾ ਸਿੰਘ ਬਹਾਦਰ ਅਧੀਨ ਸਿੱਖਾਂ ਦਾ, ਜੋ ਲਾਹੌਰ ਦੇ ਪੂਰਬ ਵਿਚ ਸਮੁੱਚੇ ਪੰਜਾਬ ਦੇ ਮਾਲਕ ਬਣ ਚੁੱਕੇ ਸਨ, ਸਖ਼ਤੀ ਨਾਲ ਮੁਕਾਬਲਾ ਕੀਤਾ ਗਿਆ। ਉਧਰ ਬੰਦਾ ਸਿੰਘ ਬਹਾਦਰ ਦੀ ਸ਼ਕਤੀ ਇਤਨੀ ਵਧ ਚੁੱਕੀ ਸੀ ਕਿ ਮੈਲਕਮ ਆਪਣੀ ਰਚਨਾ **ਦ ਕੈਚ ਆਫ਼ ਦਾ ਸਿੱਖਸ** ਵਿਚ ਲਿਖਦਾ ਹੈ ਕਿ ਜੇ 1710 ਵਿਚ ਬਹਾਦਰ ਸ਼ਾਹ ਦੱਖਣ ਵੱਲ ਨੂੰ ਨਾ ਚਲਿਆ ਜਾਂਦਾ ਤਾਂ ਬੰਦਾ ਸਿੰਘ ਬਹਾਦਰ ਦੇ ਅਧੀਨ ਸਿੱਖ ਸਾਰੇ ਹਿੰਦੁਸਤਾਨ ਨੂੰ ਵੱਸ ਕਰ ਲੈਂਦੇ।

ਸਿੱਖਾਂ ਉੱਤੇ ਸਖ਼ਤੀ ਕਰਨ ਹਿੱਤ ਸ਼ਾਹੀ ਫ਼ੁਰਮਾਨ ਜਾਰੀ ਕੀਤੇ ਗਏ। ਬਾਦਸ਼ਾਹ ਬਹਾਦਰ ਸ਼ਾਹ ਵੱਲੋਂ ਇਹ ਵੀ ਫ਼ੁਰਮਾਨ ਜਾਰੀ ਹੋਇਆ ਕਿ ਸਭ ਹਿੰਦੂ ਆਪਣੀਆਂ ਦਾੜ੍ਹੀਆਂ ਮੁਨਾ ਦੇਣ ਤਾਂ ਜੋ ਸਿੱਖਾਂ ਦੀ ਸਹਿਜੇ ਹੀ ਪਛਾਣ ਹੋ ਸਕੇ।


18 ਫ਼ਰਵਰੀ, 1712 ਵਿਚ ਬਹਾਦਰ ਸ਼ਾਹ ਦੀ ਮੌਤ ਉਪਰੰਤ ਉਸ ਦਾ ਲੜਕਾ ਜਹਾਨ ਦਰ ਸ਼ਾਹ ਗੱਦੀ ਉੱਤੇ ਬੈਠਾ, ਪਰੰਤੂ 1713 ਈਸਵੀ ਵਿਚ ਫ਼ਰੁਖਸੀਅਰ ਨੇ ਉਸ ਨੂੰ ਕੱਢ ਦਿੱਤਾ।

ਫ਼ਰੁਖਸੀਅਰ ਨੇ ਅਬਦੁਲ ਸਮੱਦ ਖ਼ਾਨ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਅਤੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੇ ਉਪਰਾਲੇ ਕੀਤੇ। 7 ਦਸੰਬਰ, 1715 ਈਸਵੀ ਦੇ ਅਰੰਭ ਵਿਚ ਬੰਦਾ ਸਿੰਘ ਬਹਾਦਰ ਨੂੰ ਕਲਾਨੌਰ ਤੇ ਬਟਾਲਾ ਦੇ ਮੈਦਾਨਾਂ ਵਿਚ ਵੇਖਿਆ ਗਿਆ। ਬੰਦਾ ਸਿੰਘ ਬਹਾਦਰ ਨੇ ਜ਼ਾਲਮਾਂ ਵਿਰੁੱਧ ਸੰਘਰਸ਼ ਆਰੰਭ ਰੱਖਿਆ ਪਰ ਅੰਤ ਨੂੰ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਸ਼ਾਹੀ ਫ਼ੌਜਾਂ ਦੇ ਹੱਥ ਆ ਗਿਆ। ਕਿਲ੍ਹੇ ਦਾ ਘੇਰਾ ਘੱਤ ਕੇ ਬੰਦਾ ਸਿੰਘ ਬਹਾਦਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਬੰਦੇ ਦੇ ਸਾਥੀਆਂ ਨੂੰ, ਜੋ ਲਗ-ਭਗ ਦੋ-ਤਿੰਨ ਸੌ ਦੇ ਕਰੀਬ ਸਨ, ਹੱਥ ਬੰਨ੍ਹ ਕੇ ਮੁਗ਼ਲ ਸਿਪਾਹੀਆਂ ਦੇ ਹਵਾਲੇ ਕੀਤਾ ਗਿਆ ਜਿਨ੍ਹਾਂ ਨੂੰ ਖਾਫ਼ੀ ਖ਼ਾਨ ਅਨੁਸਾਰ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ। ਬੰਦੇ ਦੇ ਸਾਥੀਆਂ ਨੂੰ ਮਾਰਨ ਦਾ ਕੰਮ 5 ਮਾਰਚ, 1716 ਨੂੰ ਆਰੰਭ ਕੀਤਾ ਗਿਆ। ਹਰ ਰੋਜ਼ ਇਕ ਸੌ ਸਿੱਖ ਸ਼ਹੀਦ ਕੀਤੇ ਜਾਂਦੇ ਸਨ।

ਵੀਲਰ ਦੀ ਰਚਨਾ **ਅਰਲੀ ਰਿਕਾਰਡ ਆਫ਼ ਬ੍ਰਿਟਿਸ਼ ਇੰਡੀਆ** ਅਨੁਸਾਰ ਹਰ ਇਕ ਨੂੰ ਜੀਵਨ ਬਖ਼ਸ਼ਣ ਦਾ ਯਤਨ ਕੀਤਾ ਗਿਆ, ਜੇ ਉਹ ਆਪਣਾ ਧਰਮ ਤਿਆਗ ਦੇਵੇ ਤੇ ਮੁਸਲਮਾਨ ਬਣ ਜਾਵੇ ਪਰੰਤੂ ਕੋਈ ਅਜਿਹੀ ਮਿਸਾਲ ਦਿਖਾਈ ਨਹੀਂ ਦਿੱਤੀ ਕਿ ਕਿਸੇ ਵਿਅਕਤੀ ਨੇ ਆਪਣਾ ਧਰਮ ਤਿਆਗਿਆ ਹੋਵੇ। 9 ਜੂਨ, 1716 ਈਸਵੀ ਨੂੰ ਬੰਦਾ ਸਿੰਘ ਬਹਾਦਰ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਰਵਾਇਤ ਹੈ ਕਿ ਉਸ ਦੇ ਬੱਚੇ ਅਜੈ ਸਿੰਘ ਨੂੰ ਉਸ ਦੀ ਗੋਦ ਵਿਚ ਬਿਠਾਇਆ ਗਿਆ ਅਤੇ ਉਸ ਨੂੰ ਮਾਰਨ ਲਈ ਕਿਹਾ ਗਿਆ। ਬੰਦਾ ਸਿੰਘ ਬਹਾਦਰ ਦੇ ਨਾਂਹ ਕਰਨ ਉੱਤੇ ਬੱਚੇ ਦੇ ਟੁਕੜੇ-ਟੁਕੜੇ ਕਰ ਦਿੱਤੇ ਗਏ। ਬੰਦਾ ਸਿੰਘ ਬਹਾਦਰ ਨੇ ਕਠੋਰਤਾ-ਭਰੇ ਇਸ ਦ੍ਰਿਸ਼ ਨੂੰ ਚੁੱਪਚਾਪ ਸਹਿਨ ਕੀਤਾ। ਦੂਜੇ ਸ਼ਬਦਾਂ ਵਿਚ ਉਸ ਨੇ ਰੱਬੀ ਭਾਣੇ ਨੂੰ ਪੂਰਨ ਸਿਦਕ ਤੇ ਅਡੋਲਤਾ ਸਹਿਤ ਸਵੀਕਾਰ ਕੀਤਾ। ਖਾਫ਼ੀ ਖ਼ਾਨ ਅਤੇ ਮੁਹੰਮਦ ਹੁਸੈਨ ਵੀ ਆਪਣੀਆਂ ਲਿਖਤਾਂ ਵਿਚ ਇਸ ਦੀ ਪ੍ਰੋੜ੍ਹਤਾ ਕਰਦੇ ਹਨ।

ਧੰਨਵਾਦ ਸਹਿਤ : **ਪ੍ਰਮੁਖ ਸਿੱਖ ਸ਼ਖ਼ਸੀਅਤਾਂ**

✧ ✧ ✧ ✧ ✧




**ਵਿਸ਼ਵ ਦੇ 150 ਦੇਸ਼ਾਂ ਤੋਂ ਵਧ 'ਚ ਪੰਜਾਬੀ ਭਾਈਚਾਰਾ ਵੱਸਦਾ ਹੈ। ਸਵਰਨ ਸਿੰਘ ਕਾਹਲੋਂ ਇਕ ਅਜਿਹਾ ਲੇਖਕ ਹੈ ਜਿਸ ਬਹੁਤ ਸਾਰੇ ਦੇਸ਼ਾਂ ਦੀ ਯਾਤਰਾ ਕਰਦਿਆਂ ਉਥੇ ਵੱਸਦੇ ਪੰਜਾਬੀ ਭਾਈਚਾਰੇ ਅਤੇ ਉਹਨਾਂ ਦੇਸ਼ਾਂ ਬਾਰੇ ਕਈ ਪੁਸਤਕਾਂ ਲਿਖੀਆਂ ਹਨ। ਪਰਵਾਸ ਉਪਰ ਲਿਖੀ ਉਹਨਾਂ ਦੀ ਨਵੀਂ ਪੁਸਤਕ -*Sikhs in Continental Europe*- ਨੂੰ ਅਸੀਂ ਪੰਜਾਬੀ ਪਾਠਕਾਂ ਦੇ ਗਿਆਨ ਹਿਤ ਲੜੀਵਾਰ ਪੰਜਾਬੀ ਰੂਪ 'ਚ ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ। ਇਸਦਾ ਪਹਿਲਾ ਪਾਠ 'ਆਸਟਰੀਆ 'ਚ ਸਿੱਖ' ਪਾਠਕਾਂ ਦੀ ਨਜ਼ਰ ਹੈ।**

# ਆਸਟਰੀਆ 'ਚ ਸਿੱਖ

ਯੂਰਪ ਦੇ ਕੇਂਦਰ 'ਚ ਸਥਿਤ ਆਸਟਰੀਆ ਇਸ ਮਹਾਂਦੀਪ 'ਚ ਆਉਣ ਵਾਲੇ ਅਵਾਸੀਆਂ ਲਈ ਸਚੈਨਜੈਨ ਇਕਰਾਰਨਾਮੇ (1985) ਤੋਂ ਪਹਿਲਾਂ ਇਕ ਮਾਕੂਲ ਦਾਖ਼ਲਾ-ਪੁਆਇੰਟ ਸੀ ਕਿਉਂਜੋ ਇਕ ਟੂਰਿਜ਼ਮ ਅਧਾਰਿਤ ਦੇਸ਼ ਤੋਂ ਟੂਰਿਸਟ ਵੀਜ਼ਾ ਹਾਸਲ ਕਰਨਾ ਸਹਿਲ ਸੀ। ਸ਼ੁਰੂ ਵਿਚ ਇਸ ਤੋਂ ਪਹਿਲਾਂ ਕਿ ਦੂਜੇ ਦੇਸ਼ਾਂ ਤੋਂ ਆਏ ਅਵਾਸੀ ਹੋਰ ਕਿਸੇ ਤਰ੍ਹਾਂ ਦੇ ਕੰਮ-ਧੰਦੇ ਨੂੰ ਅਪਨਾਉਂਦੇ, ਅਖ਼ਬਾਰ ਵੇਚਣ ਤੋਂ ਆਪਣੇ ਕੰਮਕਾਰ ਦੀ ਸ਼ੁਰੂਆਤ ਕਰਦੇ, ਫਿਰ ਜਦੋਂ ਉਹਨਾਂ 'ਚ ਕੰਮ ਪ੍ਰਤੀ ਇਕ ਵਿਸ਼ਵਾਸ ਪੈਦਾ ਹੋ ਜਾਂਦਾ ਤਾਂ ਉਹ ਹੋਰ ਧੰਦਿਆਂ ਵਲ ਰੁਜੂਅ ਕਰਦੇ ਜਾਂ ਫਿਰ ਦੂਜੇ ਦੇਸ਼ਾਂ ਵਲ ਪਲਾਇਨ ਕਰਦੇ। ਭਾਰਤ ਤੋਂ ਡਿਗਰੀ ਲੈ ਕੇ ਆਏ ਅਵਾਸੀ ਇੱਥੇ ਕਿਸੇ ਯੂਨੀਵਰਸਿਟੀ 'ਚ ਦਾਖ਼ਲਾ ਲੈ ਲੈਂਦੇ ਜਿਸ ਨਾਲ ਉਹਨਾਂ ਨੂੰ ਵਿਦਿਆਰਥੀ ਵੀਜ਼ਾ ਅਤੇ ਆਈ ਕਾਰਡ ਹਾਸਲ ਕਰਨ ਦੀ ਸਹੂਲਤ ਹੋ ਜਾਂਦੀ। 1955 'ਚ ਇਕ ਦਸਤਾਰਧਾਰੀ ਡਾਕਟਰ ਇਸੇ ਤਰ੍ਹਾਂ ਵਿਦਿਆਰਥੀ ਵਜੋਂ ਵੀਏਨਾ ਆਇਆ ਸੀ।

ਮੈਂ 1961 ਗਰਮੀਆਂ 'ਚ 2 ਮਹੀਨੇ ਲਈ ਈਸਨੈਰਜ਼ ਅਤੇ ਕੋਇਫਲੈਚ 'ਚ ਦ ਅਲਮਾਈਨ ਮਾਈਨਿੰਗ ਸੁਸਾਇਟੀ ਦੇ ਵਿਜ਼ੀਟਿੰਗ ਇੰਜਨੀਅਰ ਵਜੋਂ 2 ਮਹੀਨਿਆਂ ਲਈ ਆਸਟਰੀਆ ਆਇਆ ਸੀ। ਮੇਰੇ ਕੋਲ ਅਮਰੀਕਾ ਤੋਂ ਕੀਤੀ ਪੜ੍ਹਾਈ ਅਤੇ ਤਜਰਬਾ ਸੀ। ਇਸ ਵਾਰਤਾ ਨੂੰ ਇਸ ਕਿਤਾਬ 'ਚ ਸ਼ਾਮਿਲ ਨਹੀਂ ਕੀਤਾ ਗਿਆ। ਇੰਨਾ ਹੀ ਕਹਿਣਾ ਕਾਫ਼ੀ ਹੈ। ਗਰਾਟਜ਼ਲਾਗੇ ਕੋਫਲੈਚ ਦੇ ਇਕ ਖਣਨ ਕਸਬਾ ਜਿੱਥੇ ਮੈਂ ਕੰਮ ਕਰਦਾ ਸੀ, ਇਕ ਸਥਾਨਕ ਫ਼ੋਟੋ ਦੀ ਦੁਕਾਨ ਦੀ ਬਾਹਰੀ ਸ਼ੋ ਵਿੰਡੋ ਤੇ ਤਾਜ ਮਹਿਲ ਦੇ ਨਾਲ ਮੇਰੀ ਵੀ ਇਕ ਵੱਡ ਅਕਾਰੀ ਫ਼ੋਟੋ ਲੱਗੀ ਹੋਈ ਸੀ। ਇਹ ਅੰਦਾਜ਼ਾ ਲਗਾਉਣਾ ਸੌਖਾ ਹੋਵੇਗਾ ਕਿ ਇਸ ਤੋਂ ਬਾਅਦ ਮੈਂ ਏਥੇ ਦੇ ਜਵਾਂ ਤਬਕੇ ਦੀ ਪਛਾਣ ਦਾ ਪਾਤਰ ਬਣ ਗਿਆ ਜਿਸ ਨਾਲ ਦਸਤਾਰ ਦੀ ਆਖ਼ਰ ਇਸ ਖਿੱਤੇ 'ਚ ਇਕ ਵਿਲੱਖਣ ਪਛਾਣ ਕਾਇਮ ਹੋਈ।

## ਇਹ ਦੇਸ਼

ਸਾਢੇ ਅੱਠ ਕਰੋੜ ਆਬਾਦੀ ਵਾਲਾ ਇਹ ਦੇਸ਼ ਚਹੁੰ ਪਾਸਿਓਂ ਜ਼ਮੀਨ ਨਾਲ ਜੁੜਿਆ ਹੋਇਆ ਹੈ। ਆਪਣੀ ਪਰਬਤੀ ਸੁੰਦਰਤਾ ਲਈ ਪ੍ਰਸਿੱਧ ਆਸਟਰੀਆ ਹੈਬਸਬਰਗ ਰਾਜਵੰਸ਼ (ਜਿਨ੍ਹਾਂ ਪਹਿਲੀ ਸੰਸਾਰ ਜੰਗ ਤਕ ਹਕੂਮਤ ਕੀਤੀ) ਯੂਰਪ ਦੇ ਕੇਂਦਰ 'ਚ ਕਦੇ ਵੀ ਕਾਫ਼ੀ ਸਮੇਂ ਤਕ ਇਕ ਪ੍ਰਮੁੱਖ ਰਾਜਨੀਤਕ ਸ਼ਕਤੀ ਨਹੀਂ ਰਿਹਾ। ਫਿਰ ਵੀ ਯੂਰਪ ਦੇ ਕੇਂਦਰ ਵਿਚ ਦਨੂਬੇ ਟਰੇਡ ਰੂਟ ਤੇ ਹੋਣ ਨੇ ਇਸਦੇ ਸਾਮਰਿਕ ਮਹੱਤਵ ਨੂੰ ਉਜਾਗਰ ਕੀਤਾ ਹੈ। 1938-45 ਤੋਂ ਨਾਜ਼ੀ ਜਰਮਨੀ ਨਾਲ ਰਾਬਤਾ ਕਾਇਮ ਕਰਨ ਤੇ ਵਿਸ਼ਵ ਜੰਗ-2 ਤੋਂ ਬਾਅਦ ਆਸਟਰੀਆ ਤੇ ਇਤਿਹਾਦੀ ਮੁਲਕਾਂ ਦਾ




**ਗੁਰਦੁਆਰਾ ਨਾਨਕਸਰ ਸਾਹਿਬ, ਗਿਲੀਸੀਜ, ਆਸਟਰੀਆ**

ਕਬਜ਼ਾ ਹੋ ਗਿਆ ਅਤੇ ਇਸ ਦੇਸ਼ ਨੂੰ ਅਤੇ ਇਸਦੀ ਰਾਜਧਾਨੀ ਵਿਏਨਾ ਨੂੰ ਅੱਡ-ਅੱਡ ਸੈਕਟਰਾਂ 'ਚ ਵੰਡ ਦਿੱਤਾ ਗਿਆ। ਐਪਰ ਇਤਿਹਾਦੀ ਮੁਲਕਾਂ ਰਾਹੀਂ 1955 ਦੀ ਘੁੱਗੀਬੱਧ ਰਾਜਸੰਧੀ ਨੇ ਆਸਟਰੀਆ ਦੀ ਇਕਮੁੱਠਤਾ ਨੂੰ ਪਕੇਰਾ ਕਰ ਦਿੱਤਾ। ਹੁਣ ਇਹ ਕਈ ਮਹੱਤਵਪੂਰਨ ਕੌਮਾਂਤਰੀ ਸੰਸਥਾਵਾਂ ਦਾ ਟਿਕਾਣਾ ਹੈ। ਵਿਏਨਾ ਇਸ ਵੇਲੇ ਦੁਨੀਆ 'ਚ ਅਮੀਰੀ ਦੇ ਮਾਮਲੇ 'ਚ 12ਵੇਂ ਨੰਬਰ ਤੇ ਹੈ ਅਤੇ ਜੀ.ਡੀ.ਪੀ. ਦੇ ਨਜ਼ਰੀਏ ਤੋਂ ਦੁਨੀਆ 'ਚ 12ਵਾਂ ਅਮੀਰ ਦੇਸ਼ ਹੈ, ਜਿਸ ਦੀ ਬਹੁਤ ਵਿਕਸਿਤ ਸਮਾਜਿਕ ਮਾਰਕਿਟ ਆਰਥਿਕਤਾ ਦੇ ਨਾਲ-ਨਾਲ ਰਹਿਣ-ਸਹਿਣ ਦਾ ਪੱਧਰ ਬਹੁਤ ਉੱਚਾ ਹੈ। ਅੱਤ-ਵਿਕਸਿਤ ਉਦਯੋਗਾਂ ਤੋਂ ਬਾਅਦ ਕੌਮਾਂਤਰੀ ਟੂਰਿਜ਼ਮ ਦੇਸ਼ ਦੀ ਆਰਥਿਕਤਾ ਦਾ ਬਹੁਤ ਮਹੱਤਵਪੂਰਨ ਹਿੱਸਾ ਹੈ। ਜਰਮਨ ਆਸਟਰੀਆ ਦੀ ਸਰਕਾਰੀ ਭਾਸ਼ਾ ਹੈ। ਆਸਟਰੀਆ ਕਾਫ਼ੀ ਸਮੇਂ ਤੋਂ ਸੰਗੀਤਕ ਕਾਢਾਂ ਦਾ ਵੀ ਕੇਂਦਰ ਰਿਹਾ ਹੈ।

## ਐਚ.ਐਲ.ਸੀ. ਰਿਪੋਰਟ 2001

8 ਕਰੋੜ ਦੀ ਆਬਾਦੀ 'ਚ ਭਾਰਤੀਆਂ ਦੀ ਗਿਣਤੀ ਤਕਰੀਬਨ 12,000 ਹੈ ਜੋ ਕੁਲ ਵਸੋਂ ਦਾ .15 ਫ਼ੀਸਦੀ ਬਣਦੀ ਹੈ। ਸਭ ਤੋਂ ਪਹਿਲਾਂ ਜੋ ਭਾਰਤੀ ਇੱਥੇ ਆਏ, ਉਹ ਕੇਰਲਾ ਪ੍ਰਾਂਤ ਤੋਂ ਨਰਸਾਂ ਸਨ ਜਿਹਨਾਂ ਆਪਣੇ ਪਿਤਰੀ ਮੁਲਕ ਨਾਲ ਵੀ ਨਾਤਾ ਬਣਾਈ ਰੱਖਿਆ। ਯੂ.ਐਨ. ਤੋਂ ਕੁਝ ਭਾਰਤੀ ਪੇਸ਼ਾਵਰ ਵੀ ਆਸਟਰੀਆ ਦੇ ਵਸਨੀਕ ਬਣੇ। ਪੰਜਾਬ ਦੇ ਦੇਹਾੜੀ ਖੇਤਰ 'ਚੋਂ ਵੀ ਇਕ ਗ੍ਰੈਜੂਏਟ ਵਰਗ ਇੱਥੇ ਆ ਕੇ ਸਫ਼ਲ ਕਾਰੋਬਾਰੀ ਬਣੇ। ਆਪਣੇ ਆਪ ਨੂੰ ਸ਼ਰਨਾਰਥੀ ਦੱਸਦਿਆਂ ਕੁਝ ਭਾਰਤੀ ਵੀ ਇੱਥੋਂ ਦੀ ਨਾਗਰਿਕਤਾ ਲੈਣ 'ਚ ਕਾਮਯਾਬ ਰਹੇ। ਇੱਥੇ ਦੋ ਗੁਰਦੁਆਰੇ (Author's comment : Many additions since 2001) ਅਤੇ ਇਕ ਮੰਦਰ ਹੈ।

## ਸਿੱਖ ਪਰਵਾਸ

ਸਿੱਖਾਂ ਨੇ 1960 ਦੇ ਅਖ਼ੀਰ 'ਚ ਅਤੇ ਮੁੱਖ ਤੌਰ ਤੇ 1970 'ਚ ਆਸਟਰੀਆ ਵਲ ਪਰਵਾਸ ਕਰਨਾ ਸ਼ੁਰੂ ਕੀਤਾ ਜਿਨ੍ਹਾਂ 'ਚੋਂ ਬਹੁਤਿਆਂ ਦਾ ਉਦੇਸ਼ ਇਸ ਦੇਸ਼ ਨੂੰ ਇਕ ਤਰ੍ਹਾਂ ਲਾਂਘਾ ਬਣਾ ਕੇ ਅੱਗੇ ਜਾਣ ਦਾ ਰਾਹ ਪੱਧਰਾ ਕਰਨਾ ਸੀ। ਟੂਰਿਜ਼ਮ ਤੇ ਅਧਾਰਿਤ ਹੋਣ ਕਰਕੇ ਇਸ ਦੇਸ਼ 'ਚ ਦਾਖ਼ਲ ਹੋਣਾ ਅਤੇ ਟੂਰਿਸਟ ਵੀਜ਼ਾ ਹਾਸਲ ਕਰਨਾ ਆਸਾਨ ਸੀ। ਸਰਕਾਰ ਅਵਾਸੀਆਂ ਦੀ ਇਸ ਪੱਖੋਂ ਮਦਦਗਾਰ ਸੀ ਜੇਕਰ ਉਹ ਕੋਈ ਕੰਮ ਹਾਸਲ ਕਰਦੇ ਹਨ। ਅਖ਼ਬਾਰਾਂ ਦਾ ਵਿਤਰਣ ਇਕ ਮੁੱਖ ਕੰਮ ਸੀ। 1973 'ਚ ਆਇਆ ਬਲਬੀਰ ਸਿੰਘ ਨਾਂ ਦਾ ਇਕ ਗ੍ਰੈਜੂਏਟ ਅਵਾਸੀ ਯੂਨੀਵਰਸਿਟੀ 'ਚ ਦਾਖ਼ਲਾ ਮਿਲਣ ਕਰਕੇ ਇਕ ਸਾਲ ਦਾ ਵਿਦਿਆਰਥੀ ਵੀਜ਼ਾ ਲੈਣ 'ਚ ਕਾਮਯਾਬ ਹੋ ਗਿਆ। ਇਸ ਨਾਲ ਇਸਨੂੰ ਯੂਨੀਵਰਸਿਟੀ ਦਾ ਪਛਾਣ ਪੱਤਰ ਵੀ ਮਿਲ ਗਿਆ। ਇਸ ਵਿਚ ਰੋਮਾਂਚਿਤ ਕਰਨ ਵਾਲੀ ਗੱਲ ਇਹ ਸੀ ਕਿ ਉਹਦੇ ਕੋਲ ਸਰਟੀਫਿਕੇਟ ਵੀ ਨਹੀਂ ਸਨ ਤੇ ਯੂਨੀਵਰਸਿਟੀ ਨੇ ਉਸਦੇ ਬੋਲਾਂ ਤੇ ਹੀ ਯਕੀਨ ਕਰ ਲਿਆ ਸੀ। ਤੀਜੇ ਸੰਸਾਰ ਦੇਸ਼ਾਂ 'ਚੋਂ ਆਉਣ ਕਰਕੇ ਉਸਦੀ ਟਿਊਸ਼ਨ ਫੀਸ ਵੀ ਮਾਫ਼ ਕਰ ਦਿੱਤੀ ਗਈ। ਜਿਵੇਂ ਕਿਵੇਂ ਵੀ ਉਹ ਇੱਥੇ ਪੰਜ ਸਾਲ ਰੁਕਣ 'ਚ ਕਾਮਯਾਬ ਹੋ ਗਿਆ।

ਵੀਏਨਾ ਸਿੱਖ ਗੁਰਦੁਆਰੇ ਦੇ ਗ੍ਰੰਥੀ ਮੁਤਾਬਕ ਆਵਾਸ ਉਚਿਤ ਰੂਪ 'ਚ 1990 'ਚ ਵਧਿਆ। ਆਸਟਰੀਆ 'ਚ ਤਕਰੀਬਨ 10,000 ਸਿੱਖ ਵੱਸਦੇ ਹਨ ਜਿਨ੍ਹਾ 'ਚੋਂ 5000 ਇਕੱਲੇ ਵੀਏਨਾ 'ਚ ਹਨ। ਹੋਰ ਸ਼ਹਿਰ ਜਿਵੇਂ ਲਿਨਜ਼, ਗਰਾਜ਼, ਸਾਲਜ਼ਬਰਗ ਅਤੇ ਕਲੈਗੈਨਫਰਟ 'ਚ ਵੀ ਸਿੱਖ ਵੱਸੇ ਹੈ। ਤਕਰੀਬਨ 50 ਫ਼ੀਸਦੀ ਅਵਾਸੀਆਂ ਕੋਲ ਹਾਲੇ ਵੀ ਭਾਰਤੀ ਪਾਸਪੋਰਟ ਹਨ। ਸਰਕਾਰ ਦੀ ਸਖ਼ਤੀ ਦੇ ਫ਼ਲਸਰੂਪ ਗ਼ੈਰਕਾਨੂੰਨੀ ਤੌਰ ਤੇ ਆਏ ਅਵਾਸੀਆਂ ਦੀ ਗਿਣਤੀ ਘਟੀ ਹੈ। ਹਫ਼ਤੇ ਦੇ ਅਖ਼ੀਰ 'ਚ ਗੁਰਦੁਆਰੇ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ 1000-1500 ਅਤੇ ਇਸ ਤੋਂ ਜ਼ਿਆਦਾ ਵੀ ਹੁੰਦੀ ਹੈ। ਹੁਣੇ ਜਿਹੇ ਅਫ਼ਗਾਨਿਸਤਾਨ ਤੋਂ ਵੀ ਕੁਝ ਸਿੱਖ ਪਰਿਵਾਰ ਆਏ ਹਨ।

**ਕਿੱਤਾ :** ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਸ਼ੁਰੂ-ਸ਼ੁਰੂ 'ਚ ਜ਼ਿਆਦਾਤਰ ਸਿੱਖਾਂ ਨੇ ਸਟੈਂਡਰਡ ਨਾਂ ਦੀ ਕੰਪਨੀ ਦੇ ਰਾਹੀਂ ਅਖ਼ਬਾਰ ਵੰਡਣ ਦਾ ਕੰਮ ਸ਼ੁਰੂ ਕੀਤਾ। ਇਸ ਖੇਤਰ 'ਚ ਕਰੋਨੈਨ ਨਾਂ ਦੀ ਇਕ ਵੱਡੀ ਕੰਪਨੀ ਵੀ ਹੈ। ਇਸ ਵਕਤ, ਜੇਕਰ ਇਕ ਅਵਾਸੀ ਇਹ ਸਾਬਤ ਕਰ ਦੇਵੇ, ਕਿ ਉਹ ਇਕ ਸੰਸਥਾ (ਜ਼ਿਆਦਾਤਰ ਕਰਕੇ ਅਖ਼ਬਾਰ ਕੰਪਨੀ) ਨਾਲ ਕੰਮ ਕਰ ਰਿਹਾ ਹੈ, ਉਸਨੂੰ ਕਿਰਤ (Work Visa) ਵੀਜ਼ਾ ਦੇ ਦਿੱਤਾ ਜਾਂਦਾ ਹੈ। ਅਵਾਸੀ ਅੱਗੋਂ ਹੋਰ ਪਰਚੂਨ ਤੇ ਥੋਕ ਵਪਾਰ ਦੇ ਬਹੁਵਿਧ ਕੰਮ ਕਰਦੇ ਹਨ। ਇਨ੍ਹਾਂ 'ਚੋਂ ਕੁਝ ਪੀਜ਼ਾ ਹਟ ਚਲਾ ਰਹੇ ਹਨ ਅਤੇ ਕੁਝ ਸਾਮਾਨ ਪਹੁੰਚਾਣ ਵਾਲਾ ਕੰਮ (Delivery Boy) ਕਰਦੇ ਹਨ। ਆਵਾਜਾਈ ਅਤੇ ਖੇਤੀ ਦੇ ਖੇਤਰ 'ਚ ਵੀ ਕੁਝ ਸਿੱਖ ਲਗੇ ਹੋਏ ਹਨ। ਕੁਝ ਬਹੁਤ ਕਾਮਯਾਬ ਸਿੱਖ ਪੰਸਾਰੀ ਦੀਆਂ ਦੁਕਾਨਾਂ ਤੋਂ ਇਲਾਵਾ ਥੋਕ ਪੱਧਰ ਤੇ ਕਪੜੇ ਅਤੇ ਗਾਰਮੈਂਟਸ ਦੇ ਖੇਤਰ 'ਚ ਹਨ। ਵਿਏਨਾ 'ਚ ਪੰਜਾਬੀਆ ਦੀਆਂ 150 ਤੋਂ ਉਪਰ ਦੁਕਾਨਾਂ ਹਨ। ਯਕੀਨਨ, ਕੁਝ ਸਿੱਖ ਤਨਖ਼ਾਹ ਤੇ ਵੀ ਕੰਮ ਕਰ ਰਹੇ ਹਨ।

## ਗੁਰਦੁਆਰੇ

ਆਸਟਰੀਆ 'ਚ ਸੱਤ ਗੁਰਦੁਆਰੇ ਹਨ ਜਿਨ੍ਹਾਂ 'ਚੋਂ ਤਿੰਨ ਵੀਏਨਾ 'ਚ ਅਤੇ ਸੈਲਜ਼ਬਰਗ, ਲਿੰਜ਼ ਅਤੇ ਗਰਾਜ਼ 'ਚ ਇੱਕ-ਇੱਕ।

1. ਗੁਰਦੁਆਰਾ ਨਾਨਕ ਪ੍ਰਕਾਸ਼, ਲੈਂਗੋਬਾਰਡਨ ਸਤਰਾਸੇ 47-49, 1220, ਵੇਨ (ਵੀਏਨਾ)
2. ਗੁਰਦੁਆਰਾ ਸਿੰਘ ਸਭਾ, ਰੁਕਰਗਾਜ਼ੇ 12, ਵੀਏਨਾ।
3. ਸ਼੍ਰੀ ਗੁਰੂ ਰਵਿਦਾਸ ਸਭਾ, ਪੈਨਜ਼ਗਾਸੇ 17/1 ਸਾਲ, ਵੀਏਨਾ।
4. ਗੁਰਦੁਆਰਾ ਨਾਨਕਸਰ ਸਾਹਿਬ, ਗਿਲੀਸੀਜ;, 9132 ਗਲੀਸੀਜਾ 28, ਗਰਾਟਜ਼ ਗਲੀਸੀਜ਼ਾ, ਆਸਟਰੀਆ।
5. ਗੁਰਦੁਆਰਾ ਸਾਂਝੀਵਾਲ ਸਿੰਘ ਸਭਾ, ਸ਼ਾਲਮੂਸਰ ਹਾਪਟਸਤਰਾਸ 40, ਸਾਲਜ਼ਬਰਗ, ਆਸਟਰੀਆ, 5020।
6. ਗੁਰਦੁਆਰਾ ਕਲੈਗੈਨਫਰਟ, ਟੈਸੈਨਡੋਰਫਰਸਤਰਾਸੇ 109, ਕਲੈਗੈਨਫਰਟ, 9020।
7. 25 ਮਈ, 1914 ਨੂੰ ਲਿਨਜ਼ 'ਚ ਇਕ ਨਵਾਂ ਗੁਰਦੁਆਰਾ ਸਥਾਪਿਤ ਹੋਇਆ। ਇਸ ਤੋਂ ਪਹਿਲਾਂ ਕਿਰਾਏ ਦੇ ਸਥਾਨ ਤੇ ਗੁਰੂ-ਘਰ ਦਾ ਨੇਮ ਚਲ ਰਿਹਾ ਸੀ।

ਆਸਟਰੀਆ ਕਾਨੂੰਨ ਮੁਤਾਬਕ ਸਿੱਖ ਧਰਮ ਨੂੰ ਇਕ ਧਾਰਮਕ ਭਾਈਚਾਰੇ ਵਜੋਂ ਨਹੀਂ ਸਵੀਕਾਰਿਆ ਗਿਆ। ਇਸ ਲਈ ਦਸਤਾਰਧਾਰੀ ਸਿੱਖਾਂ ਨੂੰ ਕਈ ਵਾਰ ਕੰਮ ਤੇ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾ ਦੇ ਮਾਮਲੇ ਹਨ ਜਿੱਥੇ ਸਿੱਖਾਂ ਨੂੰ ਮਾਲਕ ਦੇ ਇਸ ਬਾਬਤ ਨਿਰਦੇਸ਼ਾਂ ਨੂੰ ਨਾ ਮੰਨਣ ਤੇ ਕੰਮ ਤੋਂ ਫਾਰਗ ਕਰ ਦਿੱਤਾ ਗਿਆ। ਹਾਲਾਂਕਿ ਪਿਛਲੇ ਕੁਝ ਸਾਲਾਂ ਤੋਂ ਇਸ ਸਥਿਤੀ 'ਚ ਸੁਧਾਰ ਹੋਇਆ ਹੈ। ਜਨਤਕ ਆਵਾਜਾਈ 'ਚ ਸਿੱਖਾਂ ਨੂੰ ਬਸ ਚਾਲਕ ਦੇ ਰੂਪ 'ਚ ਦਸਤਾਰ ਸਜਾ ਕੇ ਬਸ ਚਲਾਉਣ ਦੀ ਪ੍ਰਵਾਨਗੀ ਮਿਲੀ ਹੈ। ਫ਼ੌਜ 'ਚ ਸੇਵਾ ਨਿਭਾ ਰਹੇ ਸਿੱਖਾਂ (ਆਸਟਰੀਅਨ ਨਾਗਰਿਕ) ਨੂੰ ਸਾਬਤ ਸੂਰਤ ਰਹਿਣ ਅਤੇ ਦਸਤਾਰ ਸਜਾਉਣ ਦੀ ਇਜਾਜ਼ਤ ਮਿਲ ਗਈ ਹੈ।

## ਸਿਖਾਂ ਨੇ ਸੀਰੀਅਨ ਸ਼ਰਨਾਰਥੀਆਂ ਦੇ ਦਿਲ ਜਿੱਤੇ

ਵਿਏਨਾ 'ਚ 'ਸਿੱਖ ਹੈਲਪ ਆਸਟਰੀਆ' ਦੇ ਬੈਨਰ ਥੱਲੇ ਸਿੱਖ ਭਾਈਚਾਰਾ ਰੇਲਵੇ ਸਟੇਸ਼ਨ ਤੇ ਸ਼ਰਨਾਰਥੀਆਂ ਨੂੰ ਭੋਜਨ ਪ੍ਰਦਾਨ ਕਰਦਾ ਹੈ 'ਅਵਰ ਗੁਰਦੁਆਰਾ' ਇਕ ਅਜਿਹੀ ਥਾਂ ਹੈ ਜਿੱਥੇ ਸਭ ਨੂੰ ਕਿਸੇ ਵੇਲੇ ਵੀ ਲੰਗਰ ਉਪਲਬਧ ਹੈ। "ਵੀਏਨਾ 'ਚ ਇਕ ਵੱਡਾ ਭਾਈਚਾਰਾ ਹੋਣ ਕਰਕੇ ਇਕ ਵੱਡੀ ਰਸੋਈ ਦੀ ਲੋੜ ਹੈ।" ਗਰੁੱਪ ਦੇ ਆਗੂ ਸੰਜੀਤ ਸੰਧੂ ਨੇ ਕਿਹਾ। ਸੰਧੂ ਨੇ ਕਿਹਾ ਕਿ ਭਾਈਚਾਰੇ ਦੀ ਮਦਦ ਨੇ ਵੀਏਨਾ 'ਚ ਸਥਾਨਕ ਸ਼ਰਨਾਰਥੀ ਮਦਦ ਦੇ ਖਲਾਅ ਨੂੰ ਪੂਰਾ ਕੀਤਾ ਹੈ। ਉਨ੍ਹਾਂ ਦੇ ਸਹਿਯੋਗੀ ਹੰਸ ਸੰਧੂ ਨੇ ਕਿਹਾ ਕਿ ਭਾਈਚਾਰਾ ਹੰਗਰੀ ਦੀ ਸਰਹੱਦ ਤੇ ਜਿੱਥੇ ਹਾਲਾਤ ਗੰਭੀਰ ਹਨ, ਸੇਵਾ ਨਿਭਾਅ ਰਿਹਾ ਹੈ।

ਮੈਂ ਇਸ ਤਰ੍ਹਾਂ ਦੀ ਸਥਿਤੀ ਕਦੇ ਨਹੀਂ ਵੇਖੀ। ਰੋਜ਼ਾਨਾ ਆ ਰਹੇ ਸ਼ਰਨਾਰਥੀ ਭੁੱਖੇ, ਪਰੇਸ਼ਾਨ ਅਤੇ ਥੱਕੇ ਹੋਏ ਹੁੰਦੇ ਹਨ। ਗੁਨਿਟ ਮੇਹਰ ਜਦ ਕਹਿੰਦੇ ਹਨ- ਸਿੱਖੋ ਆਸਟਰੀਆ ਦੀ ਮਦਦ ਕਰੋ- ਸ਼ਰਨਾਰਥੀ ਤਮਾਮ ਤਰ੍ਹਾਂ ਦੀ ਪਰੇਸ਼ਾਨੀਆਂ ਨੂੰ ਭੁੱਲ ਕੇ ਬਾਲੀਵੁੱਡ ਦੇ ਗਾਣੇ ਗਾਉਣ ਲੱਗ ਪੈਂਦੇ ਹਨ ਜਦ ਪਤਾ ਲਗਦਾ ਹੈ ਭਾਰਤੀ ਉਨ੍ਹਾਂ ਲਈ ਖਾਣਾ ਲੈ ਕੇ ਆ ਰਹੇ ਹਨ। ਇਹ ਦੇਖਣਾ ਬੜਾ ਰੋਮਾਂਚਕਾਰੀ ਹੁੰਦਾ ਹੈ ਜਦੋਂ ਭਾਰਤੀਆਂ ਦਾ ਨਾਂ ਸੁਣਦਿਆਂ ਅਮਿਤਾਭ ਬੱਚਨ ਦੀਆਂ ਫ਼ਿਲਮਾਂ ਦੇ ਗਾਣੇ ਸ਼ੁਰੂ ਹੋ ਜਾਂਦੇ ਹਨ। ਇਹ ਸਭ ਕੁਝ ਦਰਮਿਆਨ ਸੇਵਾ ਕਰਨਾ ਉਸ ਵੇਲੇ ਇਕ ਕਮਾਲ ਦਾ ਅਨੁਭਵ ਬਣ ਜਾਂਦਾ ਹੈ।

✧ ✧ ✧ ✧ ✧

# Banda Singh Bahadar

## Explaining the Puzzle of His Rise and Fall

❖ **Amanpreet Singh Gill**

Banda Singh Bahadar appeared in Sikh history for a very short moment (1708-1716). But (after Sikh Gurus) he influenced it more significantly than any other single individual. He guided a historic turn in Sikh movement. It was regarding the emergence of Sikh sovereignty.

The idea of Sikh rule originated with Guru Gobind Singh himself, but history waited for Banda to materialize it. Under his leadership, Sikhs tasted the direct acquisition of political power for the first time in history. Banda played his part swiftly. Sikhs never experienced such a sudden brush with power again. They occupied most of the major centres of Mughal power between Delhi and Lahore in a flash. According to Mirza Muhammad, Author of *Ibratnama* (1719) all territory from Thanesar to the banks of river Sutlej came at one stroke under the control of Sikhs. What created such a stunning experience of history? And how it led to the rise of Banda Singh Bahadar? That is the puzzle. In 1705, Wazir Khan, Subedar of Sirhind and his allies attacked Anandpur and expelled Guru Gobind Singh through deception. Kotwali of Sirhind saw the brutal killing of young Sahibzadas and tragic death of Mata Gujri. Wazir Khan and his *Peshakar Sachidanand* saw no blood on their hands and felt no burden on their conscience. Five years passed in a twinkling of eye. They dismissed the reports of appearance of another Guru of Sikhs as mere rumors. Kaithal, Sonipat, Sadhaura and Samana passed into Banda's hands. Now Wazir Khan saw him advancing towards Sirhind. For him, he was reality now no more a rumour, neither a figment of popular imagination, nor a faint shadow on dusty horizons of south Punjab. He rushed to stall his advance at Chaparchiri (May 1710). His alliance faced crushing defeat and the Sikhs occupied Sirhind only to annihilate it permanently. What made it possible? Was revenge the only driving force? May be partial truth, but Sikhs did not take a pause with victory over Sirhind. What inspired them to continue the uprising? Perhaps they saw themselves on the side of righteousness. This sense of being on the right side of justice combined itself with the recent legacy of Khalsa, that defined itself through its relationship with the sword, but only as protector of the weak. Banda had ample religious experience before he met Guru Gobind Singh. He had learnt enormous religio-magical arts from his various Gurus. But only from Guru Gobind Singh, he could learn that real religion lay in the protection of the weak and the harmless who suffered at the hands of powers. Sarup Singh Kaushish, the compiler of *Guru Ki Sakhian* (1790) based on Bhatt account books remembers Guru's words like this:

> *Tumhe bade dere Hind ka pata nahin jahan sainkre hazaran mazloom nirdosh kohe ja rahe hain, main kewal tera dhian dilane ke lye jahan dere vich aya han.*

Protection of the weak required rebellion against brutal rule. Guru blessed Banda to lead this rebellion *(dillion lag kar danga machavo/Punjab prabt sab dhur machavo: Prachin Panth Parkash)*. He sent him to Punjab along with five chosen Sikhs like, Bhai Binod Singh, Kahn Singh, Bhagwant Singh, Baj Singh and Koir Singh *(farishtadanash sue Punjab karad/maye panj singhani azad marad: Amarnama of Dhadi Nath Mal).* He approached wider Sikh society in Punjab through the mediation of traditional Sikh elite like Mohan Ke, Bahlo Ke, Bhagtoo Ke and Bhai Rupe Ke *(His letter to Bhai Param Singh, Dharam Singh for joining him at Kharkhauda is still preserved with family)*.

Banda Singh Bahadar completely identified himself with the mission of Guru Gobind Singh. He resembled him and some thought of him as Guru Gobind Singh reincarnate. All Persian official accounts mentioned him as Goroo. He was seen as authentic extension of Sikh mission in body and spirit *(Bande ko satgur im kahi/aur mayan talwar hai vahi: Prachin Panth Parkash)* Kesar Singh Chhibber, author of *Bansawalinama* (1769) also affirms this:

> *Bande kahia; talwar hai uhi, mayan aur hai chadia.*

While this made him popular among Sikhs, his mesmerism added to his mystery not only among masses, but among the Mughals as well. Sikh sources and Persian sources show perfect agreement in the portrayal of his supernatural image. In the words of Muhammad Hadi Kamwar Khan, author of *Tazkiratu's Salatin Chaghata* (1724), it was repeatedly represented to the emperor by young and old that ill-fated wretch was so expert in magic and sorcery. *(145. eds. J.S. Grewal and Irfan Habib: 2001)*

Why he could draw vast mass support may be explained by people's belief in some millenarian dream. They believed that the prophecy of Kalaki Avtar coming to destroy the rule of Turks had come true. Believing this to be true, they sold their belongings, abandoned their houses and joined Banda who claimed to have established Satjug. *(Asan satjug vartaya hai: hukumnama to sangat of Jaunpor)*. How Banda saw himself in God's own scheme of things is evident from his last talk with Itimaduddaula

Muhammad Amin Khan. Khafi Khan records his response like this;

> In all religions and sects, whenever disobedience and rebellion among mortal men passes all bounds, the great avenger raises up a severe man like me for the punishment of their sins and due reward of their works. *(459. Elliot and Dowson. Vol. VII: 1964)*

While he saw his success as part of some divine scheme, at the same time, what made it possible was the fact that he drew his power from the support of wide range of masses Jats, Artisans, Banjaras, Lubanas, Khattris, Gujjars and Muslims all joined his movement.

Banjaras were first to join. *(pahlon singh banjare rale/far hath barche bail lad bhale: Prachin Panth Parkash).* Guru Gobind Singh sent Banda in the caravan of Bhai Bhagwant Singh Naik who travelled from Nanded to Punjab.

Banjaras supported him in more than one way. Some sold off their properties, abandoned their houses, bought arms and took part in the struggles. Others extended financial and provisional support. Banjaras were always present near army camps. They made provisions to Sikhs during the siege of Lohgarh (December 1710). They carried weapons along with grain to Sikh hideouts in the hills. (162: Muzaffer Alam:1993) Bahadar Shah displayed excessive ruthlessness towards them. Many of them were captured and buried alive according to his command *(chihal nafar banjara Nanak-prastan, az navah Multan vagera-dar chabutra kotwali rasida. Agar muslman shwand bihatar, Vila bikushand. Barz rasid ki az kufr barghasht namishwand. Hukumshud-bikushand. Oct 11, 1711: Akhbarati-Darbar-i-Mualla)*

Banjara were indispensable support to Sikhs in their struggle against the Mughals. Being suppliers to army, they always had inside information of official plans. They always kept watch on movement of armies. Possessing information and means of transport they could communicate with speed. This way, they were like lifeline of Sikh Movement. Lubanas were also among the first to join the movement. They offered financial and logistic support. *(Aye lubane lag gayee lar dayo daswandh un kayee hazar-Prachin Panth Parkash).*

Jats who formed majority of Khalsa Singhs under Guru Gobind Singh, responded swiftly to the Hukumnamas of Banda. Jats of Malwa joined him without a second thought. Sikhs of Lahore had to avoid the chekposts at roads and river passages. They travelled through Shivalik hills and gathered at Kiratpur Sahib. Here again, trader Sikhs, Kishora Singh and Pishora Singh fed them for several days. Jats formed the major contingent of combatants. While in power, Banda made favourable arrangements for cultivators. It may not be without the influence of Jats. He is believed to have given lands to cultivators. Banda led predominantly the uprising of Jat Zamindars (139. Muzaffer Alam. 1993) but they were primarily village level zamindar (145.Muzaffer Alam:1993).

Khatries supported Banda in more clandestine manner. They had significant presence in administrative and revenue service of Mughal political system. At the same time, they formed the earliest membership of Sikh Panth and it was open secret for the state. Majority of them were known as Khulasa Sikh as distinct from Khalsa Sikhs. While they supported him with finance and provisions (Divan Hardyal of royal camp was prominent among them), they did not hesitate to sacrifice their lives also. The case of Gulab Singh Khatri who passed off as Banda at Lohgarh (Dec.1710) should not be seen as isolated case. His sacrifice helped Banda to escape, an act which caused much depression in royal camp.

Khatries had to face indiscriminate persecution for their alleged support to Banda Bahadar. Shah issued a general proclamation: ki reeshe Hinduan urdu mualla yaksar trashand *(beards of Hindus in royal camp should be shaven off)*. Khatris formed majority of them. They faced humility in public when barbers accompanied by officials shaved their beards in streets. According to Khafi Khan, some men of name and position committed suicide to save the honour of their beards (425.Elliot and Dowson, Vol. VII :1964).

While Khatris formed the elite minority of Banda's supporters, mass support came from so called lowly classes, which he reciprocated well. Under him, Dalits tasted power for the first time. His association with so called lowly classes is a persistent concern in all official reports. All contemporary accounts by Hadi Kamawar Khan, Muhammad Shafi Warid and Khafi Khan confirm that Banda appointed them as revenue collecting officials and encouraged inter-dining among so called high and low.

According to Muhammad Shafi Warid, author of *Mirat-i-Waridat* (1734), "If a lowly sweeper or cobbler, more impure man whom there is no caste (*qaum*) in Hindustan, went to attend on that rebel, he would be appointed to govern his own town and would return with an order (*sanad*) of office of government in his hand. The moment he stepped into territory, or town, or village, all the gentry and notables went out to receive him." (162: eds. J.S. Grewal and Irfan Habib: 2001) The author hints at the social revolution credited to Banda with such examples: a sweeper of spittle sat with a raja of great status, and they felt no hostility to each other (161: above quoted). Perhaps it was the Satjug, Banda was referring to in his hukumnamas.

Although all Persian accounts vilify him as villain of Muslims, there are reports which contradict this. On April 28, 1711. Bhagwati Das reporter writes to Bahadar Shah that five thousand Muslims have joined the worshipper of Nanak at Kalanaur and they are enjoying their religious freedom in Sikh army. (98. Ganda Singh: 1990) On 15 February, 1711, one Pir Muhammed Bhatti is said to have shouted Wah Guru Wah Guru at the court. (165. Muzaffer Alam: 1993) This may be an isolated incident. but it surely dents Banda's anti-Muslim image.

Strangely, Banda was helped by some hill principalities also, who had been all time enemy of Guru Gobind Singh. Probably, they reconciled themselves to the emergence of Sikh power and a weak centre at Delhi.

Gujjars of Saharanpor also joined Banda's struggle, claiming themselves to be Nanak Panthis. Besides, Bairagis and mendicants who accompanied royal armies on the move also acted as spies for him.

Banda could mobilize support from such diverse social-religious groups for his struggle against Mughals is one significant clue to the puzzle of his success. But if his success was sudden, his decline was even faster. What made him strong, made him vulnerable also. He succeeded in shaking the Mughal rule in Punjab, and this act compelled the emperor after emperor to shift their attention towards Punjab. They immediately refilled the political vacuum which had emerged as result of their preoccupation with Deccan since Aurangzeb. Banda drew his strength form the appeal to religious sentiment. In the long run, this confined his support base to the Sikhs only and it provoked more than one attempts of jehad against him. Persian chroniclers portray his downfall as source of big relief for Muslims. Among his support groups also, alienation set in fast. Khatries' alienation was quite visible. Jats had apportioned a lion's share for themselves, leaving little for others. Anarchy was affecting trade, thereby directly hitting Khatri commercial interests. They had become soft targets for government. They could not sustain their zeal for Banda's radicalism. On the other hand, forces which opposed Banda, consolidated themselves and made sustained efforts. Alliance against him grew larger and broader. He was clearly in the grip of historical forces, which he interpreted as divine forces. These forces acted very fast. These presented themselves as an iron law of armed struggles. All armed struggle suffer from the inevitability of schism. Among those who fight against the state, there is always present a very small microscopic minority which yearns for temporary suspension of struggle or compromise with state. Whenever the state is able to locate and win over this minority, the movement's days are counted. Sikh movement under Banda proved no exception. Mughal empire under Farrukh Siyar (1712), with the help of Abdus Samad Khan was able to locate this minority which constituted of Kahan Singh Trehan and Binod Singh Bhalla. They readily accepted Mughal patronage for the sum of Rs. 500 per day. They stationed their troops at Baghbanpora, Lahore and when Banda attacked Lahore, they repulsed him. *(Lahore bachai foot singhan Banda dayo bhajhae: Prachin Panth Parkash)* While Banda extended his hand for reconciliation, they rejected. While in Gurdas Nangal (December,1715) Banda made a desperate call for more troops in a letter to Bhai Mani Singh:

*Guru Fateh, man jog bhai jio.*
*Veri ne bada jabardast ghera ghatyo su.*
*Anaj pani di koi amad nahin.*
*Parivar bahut muskal main hain.*
*Niane roi jat hain.*
*Sikh sangatan no sitabi hathyar deke bhejna.*
*Kisi vakat ka bharosa nahin.*
*Bunge sahib ardas karni.*
*Khalse di fateh hogue.*
*Asan antam samay tak joojhne ka nem kitosu.*

(8. Sukhdial Singh: 2003)

While the Sikhs at Amritsar became aware of Banda's sufferings in siege, they decided to join him immediately, cancelling their differences. But Kahn Singh did not permit them.

*Giani Gian Singh clearly writes:*
*Singh chadan hit the bhaye tayre*
*Kahan singhadik ne hatkare*
*Tehan Bhalle Sodhi Bedi*
*Bat mel ki inhun chedi.*

(2012. *Sri Guru Panth Parkash*. Vol. IV: 1999)

While Sikhs were ready to march, Kahan Singh and others (probably Binod Singh) dissuaded them. Tehan (Kahn Singh) and Bhalla (Binod Singh) dismissed the proposal of reconciliation from Banda. The prevalent idea that both of them were present in Gurdas Nangal and Binod Singh left it because he wanted an open battle against Mughals, is a plain fiction created by Bawa Sarup Das Bhalla (*Mahima Parkash*: 1776) and accepted by almost all major historians. Kahn Singh and Binod Singh duo was not with Banda in Gurdas Nangal, it was in the service of Farrukh Siyar. And if we believe Giani Gian Singh, Banda's arrest was the result of Tatva Khalsa's hint/information: *Balike Turkain dyo ashara jate un gahe Banda mara.* (2012. SGPP. VOL. IV: 1999) But how did they manage to make Sikhs believe that they were right and Banda was wrong? They deserted him, joined Mughals, secured privileges, acted as agents of state to persecute Bandai Sikhs and they abandoned Sikh movement's fundamental goal, yet they could emerge as the leaders of so called Tatva Khalsa that means real Khalsa? Was this real Khalsa by any stretch of imagination?

They succeeded because they exploited some fault lines which had existed between Banda and Khalsa Panth. Most significant among these was Banda's attempt to introduce ritual innovations (Fateh Darshan) and eating *taboos*. Sikhs saw it as clear departure form Khalsa Rehat. In this, they became suspicious of two of his real or imaginary ambitions: one, to be the sole claimant of political power, two, to be the eleventh Guru of Sikhs. Whether Banda really saw himself as guru or king is not sure, but this surely proved as propaganda material in the hands of his opponents.

On the other hand, Bawas propagated their Sahibzada status which granted them natural recognition of Sikhs. For legitimacy of their actions, they used Mata Sundri's name (see Sarup Das Bhalla). Their real objective was to enjoy the patronage of Mughal state while not losing their status of natural leaders of Khalsa Panth. So, called Tatva Khalsa arose out of this dual but contradictory agenda. Tatva Khalsa has dominated Sikh historical scholarship for a long time. Rattan Singh Bhangu, Giani Gian Singh, Bawa Sarup Das, Kartar Singh Klaswala, Bhai Vir Singh, Ganda Singh and Harinder Singh Mehboob, all have acted as its apologists. Sikh history is waiting for the honest reading of both Banda Singh Bahadar and Tatva Khalsa.

Courtesy : *Baba Banda Singh Bahadur : Mahan Sikh Jarnail*

# 100 ਸਾਲ ਪਹਿਲਾਂ

**21 ਅਕਤੂਬਰ, 1920**

## ਅਕਾਲ ਤਖਤ

ਅਕਾਲ ਤਖਤ ਦੇ ਪੁਜਾਰੀ ਅਜੇ ਤਕ ਨਹੀਂ ਮੁੜੇ, ਸਾਹਿਬ ਡਿਪਟੀ ਕਮਿਸ਼ਨਰ ਨੇ ਮਜ਼ਹਬੀ ਕੰਮਾਂ ਵਿਚ ਦਖਲ ਦੇਣੋਂ ਨਾਂਹ ਕੀਤੀ। ਇਕ ਪ੍ਰੋਵੀਜਨਲ ਕਮੇਟੀ ਬਣਾਈ ਗਈ ਜੋ ਅੱਜ ਕਲ ਅਕਾਲ ਤਖਤ ਦਾ ਪ੍ਰਬੰਧ ਕਰੇ। ਅਕਾਲੀ ਫੂਲਾ ਸਿੰਘ ਦੇ ਬੁਰਜ ਦੇ ਨਿਹੰਗ ਸਿੰਘ ਆਏ ਸੀ, ਡਰ ਸੀ ਕਿ ਕਿਤੇ ਫਸਾਦ ਨਾ ਹੋ ਜਾਏ ਪ੍ਰੰਤੂ ਬਾਬਾ ਕੇਹਰ ਸਿੰਘ ਜੀ ਸਰਹਾਲੀ ਵਾਲਿਆਂ ਮੌਕੇ ਨੂੰ ਨਜਿਠਿਆ, ਨਿਹੰਗ ਸਿੰਘਾਂ ਨਾਲ ਫੈਸਲਾ ਹੋਯਾ ਕਿ ਦੀਪਮਾਲਾ ਨੂੰ ਸਾਰੇ ਪੰਥ ਦਾ ਫੈਸਲਾ ਕਰਕੇ ਅਮਲ ਹੋਵੇਗਾ। ਅਕਾਲੀ ਜਥਾ ਚਲਾ ਗਿਆ, ਦੋਨੋਂ ਵੇਲੇ ਭਰਵੇਂ ਦੀਵਾਨ ਲਗਦੇ ਹਨ। ਅੰਮ੍ਰਿਤ ਪ੍ਰਚਾਰ ਹੋ ਰਿਹਾ ਹੈ। ਐਤਵਾਰ 32 ਸਿੰਘਾਂ ਤੇ 12 ਸਿੰਘਣੀਆਂ ਨੂੰ ਅਭੇਦ ਅੰਮ੍ਰਿਤ ਛਕਾਇਆ ਗਿਆ ਸੀ।

## ਪਤਤਾਂ ਨਾਲ ਵਰਤੋਂ ਬੰਦ

ਚੀਫ ਖਾਲਸਾ ਦੀਵਾਨ ਦੀ ਆਗਿਆ ਅਨੁਸਾਰ ਭਾਈ ਹੀਰਾ ਸਿੰਘ ਜੀ ਨੇ ਅੰਮ੍ਰਿਤਸਰ ਦੇ ਪ੍ਰਚਾਰ ਵਿਚ ਦੋ ਗਲਾਂ ਤੇ ਖਾਸ ਜ਼ੋਰ ਦਿਤਾ ਸੀ ਜਿਨ੍ਹਾਂ ਵਿਚੋਂ ਇਕ ਸਿਖੀ ਤੋਂ ਪਤਤਾਂ ਲਾਲ ਵਰਤਣ ਵਰਤਾਉ ਬੰਦ ਕਰਨਾ ਸੀ, ਆਪਦੇ ਇਸ ਵਿਸ਼ੇ ਤੋਂ ਆਕਰਸ਼ਤ ਹੋ ਲਾਲਾ ਦੇਵੀ ਦਿਆਲ ਕਟੜਾ ਹਰੀ ਸਿੰਘ ਦੁਕਾਨਦਾਰ ਨੇ ਜੋ ਸੁਨਿਆਰਿਆਂ ਦਾ ਕੰਮ ਕਰਦਾ ਹੈ ਆਪਦੀ ਦੁਕਾਨ ਤੇ ਬੈਠਣ ਵਾਲੇ ਦੋ ਆਦਮੀਆਂ ਨੂੰ ਜੋ ਸਿਖੀ ਤੋਂ ਪਤਤ ਹੋਏ ਸਨ ਦੁਕਾਨੋਂ ਉਠਾ ਦਿਤਾ ਤੇ ਕਿਹਾ ਕਿ ਜਦ ਤਕ ਸਿੰਘ ਨਾ ਸਜੋਗੇ ਕਛ ਦੁਕਾਨ ਤੇ ਬੈਠਣ ਨਹੀਂ ਦਿਆਂਗਾ, ਉਹ ਦੋਵੇਂ ਪਤਤ ਸਿੰਘ ਸਜ ਗਏ, ਇਸ ਦੁਕਾਨਦਾਰ ਨੇ ਆਪਣ ਮਕਾਨ ਤੇ 2 ਹੁੱਕੇ ਜੋ ਪੀਣ ਲਈ ਰਖੇ ਹੋਏ ਸੀ, ਵੇਚ ਦਿਤੇ ਤੇ ਤਮਾਕੂ ਪੀਣਾ ਸਦਾ ਲਈ ਛੱਡ ਦਿਤਾ।

## ਕੀ ਸਵਪਨ ਅਵਸਥਾ ਵਿਚ ਆਤਮਾ ਸਰੀਰ ਛੱਡ ਜਾਂਦੀ ਹੈ?

ਵਲਾਇਤ ਦੇ ਇਕ ਮਾਸਕ ਪੱਤ੍ਰ ਵਿਚ ਇਸੇ ਵਿਸ਼ੇ ਤੇ ਇਕ ਲੇਖ ਪ੍ਰਕਾਸ਼ਤ ਹੋਇਆ ਜਿਸ ਵਿਚ ਇਕ ਅੰਗ੍ਰੇਜ਼ ਨੇ ਆਪਦੀ ਸਿਰ ਬੀਤੀ ਇਉਂ ਵਰਨਨ ਕੀਤੀ ਹੈ:-

"ਇਕ ਛਨਿਛਰ ਵਾਰ ਦੁਪੈਹਰ ਨੂੰ ਰੋਟੀ ਖਾਕੇ ਮੈਂ ਕਮਰੇ ਵਿਚ ਪਲੰਘ ਤੇ ਆਰਾਮ ਕਰਨ ਲੱਗਾ, ਥੋੜੇ ਚਿਰ ਵਿਚ ਮੈਨੂੰ ਨੀਂਦਰ ਆ ਗਈ, ਫਿਰ ਜਾਗ ਪਿਆ, ਉਠਕੇ ਘੜੀ ਕੱਢਕੇ ਵੇਖੀ ਤਦ 5 ਵਜਣ ਵਿਚ 10 ਮਿੰਟ ਸੀ, ਫਿਰ ਚਾਏ ਪੀਣ ਵਾਸਤੇ ਤਿਆਰ ਹੋਯਾ, ਖਿੜਕੀ ਖੁੱਲ੍ਹੀ ਹੋਈ ਸੀ, ਮੇਰੇ ਗਵਾਂਢੀ ਦੇ ਤਿੰਨ ਲੜਕੇ ਸੜਕ ਤੇ ਖੇਡ ਰਹੇ ਸਨ, ਇੰਨੇ ਨੂੰ ਨਜ਼ਰ ਆਪਣੇ ਪਲੰਘ ਤੇ ਪਈ, ਉਸ ਵੇਖਿਆ ਕਿ ਮੈਂ ਆਪ ਲੇਟਿਆ ਹੋਇਆ ਹਾਂ, ਇਹ ਦੇਖਕੇ ਮੈਨੂੰ ਡਰ ਵੀ ਲੱਗਾ ਤੇ ਅਸਚਰਜਤਾ ਵੀ ਹੋਈ। ਇੰਨੇ ਨੂੰ ਮੈਂ ਚਾਹ ਪੀਣ ਦਾ ਖਿਆਲ ਕੀਤਾ, ਬਿਨਾਂ ਹਿੱਲੇ ਦੇ ਰਸੋਈ ਵਿਚ ਅੱਪੜ ਗਿਆ, ਉਥੇ ਮੇਰੀ ਭੈਣ ਚਾਹ ਬਣਾ ਰਹੀ ਸੀ, ਪਰ ਉਸਨੇ ਮੇਰੇ ਵਲ ਵੇਖਿਆ ਤਕ ਨਹੀਂ, ਤਦ ਮੈਂ ਘਾਬਰ ਕੇ ਫਿਰ ਆਪਣੇ ਕਮਰੇ ਵਲ ਆਇਆ, ਉਥੇ ਆਪਣੇ ਸਰੀਰ ਨੂੰ ਮੈਂ ਪ੍ਰਾਣ ਹੀਨ ਅਵਸਥਾ ਵਿਚ ਵੇਖਿਆ, ਤਦ ਮੈਨੂੰ ਯਕੀਨ ਹੋ ਗਿਆ ਕਿ ਮੈਂ ਮਰ ਗਿਆ ਹਾਂ, ਕੁਝ ਦੇਰ ਪਿੱਛੋਂ ਮੇਰਾ ਉਹ ਸਰੀਰ ਫਿਰ ਜਾਗ ਪਿਆ, ਬਾਹਰ ਉਸੇ ਤਰਾਂ ਤਿੰਨ ਲੜਕੇ ਖੜੇ ਸਨ, ਰਸੋਈ ਵਿਚ ਸਾਰੀਆਂ ਚੀਜ਼ਾਂ ਉਜੇਹੀਆਂ ਪਈਆਂ ਸਨ ਜਹੀਆਂ ਮੈਂ ਪਹਿਲਾਂ ਵੇਖ ਗਿਆ ਸੀ, ਘੜੀ ਵੇਖੀ ਉਸ ਵਿਚ 5 ਵਜਣ ਵਿਚ 8 ਮਿੰਟ ਬਾਕੀ ਸਨ।" ✧✧

## ਮੈਂ ਤੇਰਾ ਬੰਦਾ

ਤੋਂ ਦਾਨ ਲੈਕੇ ਖਾਂਦੇ ਹਨ, ਤਾਂ ਅਫ਼ਲ ਡੀਂਗ ਹੈ ਤੇ ਜੇ ਤਿਆਗੀ ਡੀਂਗ ਮਾਰੇ ਕਿ ਮੈਂ ਮਹਾਂ ਬਲੀ ਹਾਂ, ਜਿਸ ਗ੍ਰਿਹਸਥ ਜੈਸੀ ਸੁਖਦਾਈ ਸ਼ੈ ਨੂੰ ਲੱਤ ਮਾਰਕੇ ਤਿਆਗਿਆ ਤੇ ਦੁੱਖਾਂ ਨਾਲ ਨਿਹੁੰ ਲਾਇਆ ਹੈ, ਤਾਂ ਉਹ ਭੀ ਅਫ਼ਲ ਹੈ। ਜੇ ਸਾਈਂ ਰੰਗ ਰੱਤਾ ਮਾਨੁੱਖ ਗੋਦਾਵਰੀ ਕੰਢੇ ਬੈਠਾ ਰਹੇ ਤਾਂ ਸਫ਼ਲ, ਜੇ ਮੈਦਾਨੇ ਜੰਗ ਵਿਚ ਜਾ ਖੜਾ ਹੋਵੇ ਤਾਂ ਸਫ਼ਲ।

**ਬੰਦਾ—** ਸੱਤ ਹੈ।

**ਗੁਰੂ ਜੀ—** ਫ਼ੇਰ ਸਾਡੇ ਜੰਗ ਰਚਾਉਣੇ ਤੁਹਾਨੂੰ ਕੀ ਭਾਸੇ ਹਨ?

**ਬੰਦਾ—** ਆਪ ਦੇ ਚੋਜ।

**ਗੁਰੂ ਜੀ—** ਜੇ ਤੁਸਾਂ ਸਿਰ ਜੰਗ ਦੀ ਪੰਡ ਧਰੀ ਜਾਏ ਤਾਂ।

**ਬੰਦਾ—** ਜੇ ਆਪ ਧਰ ਦਿਓ ਤੇ ਅੰਦਰ ਮੇਰੇ ਬਹਿ ਜਾਓ ਤਾਂ ਨਾਮ ਰਸ ਰੱਤਿਆਂ, ਸੁਰਤ ਆਪ ਦੀ ਚਰਨੀਂ ਪ੍ਰੋਤਿਆਂ ਸੱਤ ਬਚਨ। ਮੈਂ ਤਿਆਗ ਦਾ ਤਿਆਗੀ ਹਾਂ, ਮੈਨੂੰ ਲੁੱਟ ਦਾ ਲਾਲਚ ਨਹੀਂ, ਰਾਜ ਦਾ ਮੋਹ ਨਹੀਂ, ਵਡਿਆਈ ਦੀ ਤ੍ਰਿਸ਼ਨਾਂ ਨਹੀਂ, ਆਪਦੇ ਹੁਕਮ ਵਿਚ ਮੈਂ ਕਾਰ ਕਰਨੀ ਹੈ। ਤੁਸੀਂ ਬਖਸ਼ੋ ਜੋ ਮੇਰੀ ਲਿਵ ਨਾ ਟੁੱਟੇ, ਮੇਰੇ ਨੈਣ ਬੰਦ ਨਾ ਹੋਣ, ਮੈਨੂੰ ਨਾਮ ਨਾ ਵਿਸਰੇ, ਮੈਂ ਕਰਦਾ ਹੋਇਆ ਫ਼ੇਰ ਅੱਕ੍ਰੈ ਰਹਾਂ। ਹਾਂ ਮਿਹਰ ਕਰੋ ਜੋ ਮੈਂ ਮਾਇਆ ਵਿਚ ਭੁੱਲਕੇ, ਹਉਂ ਵਿਚ ਅੱਟਕਕੇ, ਆਚਰਨ ਵਿਚ ਗਿਰ ਕੇ, ਨਿਜ ਦੇ ਲਾਭ ਦੀ ਤ੍ਰਿਸ਼ਨਾ ਵਿਚ ਆਕੇ ਜੰਗ ਨਾ ਕਰਾਂ, ਨਾ ਹੀ ਸਾਧ ਬਣਕੇ ਆਪੇ ਤੇ ਜਗਤ ਨਾਲ ਰੁੱਸਕੇ ਵੱਖ ਹੋ ਬੈਠਾਂ।

ਸਤਿਗੁਰ ਇਸ ਵੇਲੇ ਮੁਸਕ੍ਰਾਏ ਤੇ ਬੰਦੇ ਨੂੰ ਗਲ ਲਾਕੇ ਬੋਲੇ: "ਤੈਨੂੰ ਬੁਲੰਦ ਕੀਤਾ ਹੈ ਤੇ ਬਿਜਈ ਆਗੂ ਕੀਤਾ ਹੈ।"

ਬੰਦਾ ਸਮਝ ਗਿਆ, ਨੈਣ ਭਰ ਲਿਆਇਆ, ਸਿਰ ਨਿਵਾ ਦਿੱਤਾ ਤੇ ਉਸ ਡਾਢੀ ਮ੍ਰਿਦੁਲ ਤੇ ਦ੍ਰਵੀ ਹਾਲਤ ਵਿਚ ਫ਼ਿਰ ਬੋਲਿਆ:-

"ਮੈਂ ਬੰਦਾ"

ਬੰਦੇ ਨੂੰ ਬੰਦਾ ਕਹਾ ਕੇ ਤੇ ਆਪ 'ਮੈਂ ਬੰਦਾ' ਕਹਿਕੇ ਸੁਆਦ ਸੀ, ਉਸਨੇ ਮਾਇਆ ਦੇ ਪਟਲਾਂ ਵਿਚ ਰਹਿਕੇ ਦੁਖ ਪਾਇਆ ਸੀ; ਜਿਸ ਦਾਤੇ ਨੇ ਜਾਗ ਆ ਬਖਸ਼ੀ, ਅਮੁੱਲੀ ਆ ਬਖਸ਼ੀ, ਘਰ ਆਕੇ ਬਖਸ਼ੀ। ਉਸ ਨਾਲ ਇਸ ਨੇ ਤਾਂ ਜੰਗ ਹੀ ਰਚਾਇਆ ਸੀ, ਪਰ ਉਸ ਦਾਤੇ ਨੇ ਅੱਗੋਂ ਦਾਤ ਬਖਸ਼ੀ ਸੀ ਤੇ ਦਾਤ ਅਕਹਿ ਬਖਸ਼ੀ ਸੀ, ਕਿਸ ਤਰ੍ਹਾਂ ਨਾ ਸੱਚਾ ਤੇ ਸਾਫ਼ ਦਿਲ ਸਦਕੇ ਹੋਵੇ ਤੇ 'ਮੈਂ ਬੰਦਾ' ਕਹਿ ਕਹਿਕੇ ਖੁਸ਼ ਹੋਵੇ।

ਸਤਿਗੁਰ ਪਸੀਜੇ, ਸਿਰ ਤੇ ਪਿਆਰ ਦਿੱਤਾ, ਅਪਣੀ ਕਮਾਨ ਉਸ ਦੇ ਮੋਢੇ ਪਹਿਨਾ ਦਿੱਤੀ ਤੇ ਇਕ ਭੱਥਾ ਪੰਜਾਂ ਤੀਰਾਂ ਦਾ ਉਸਨੂੰ ਆਪ ਸਜਾ ਦਿੱਤਾ ਤੇ ਆਖਿਆ:- "ਵੇਖ! ਇਹ ਤੇਰੀ ਤਾਕਤ ਹੈ ਜੋ ਤੈਨੂੰ ਬਖਸ਼ੀ ਹੈ, ਇਹ ਚਿੰਨ੍ਹ ਹੈ ਜੋ ਤੇਰਾ ਨਿਸ਼ਾਨ ਹੋਵੇਗਾ, ਇਹ ਓਟ ਹੈ ਜੋ ਆੜੇ ਵੇਲੇ ਕੰਮ ਆਵੇਗੀ, ਤੂੰ ਪਰਤਕੇ ਦੇਸ਼ ਜਾਣਾ ਹੈ, ਖ਼ਾਲਸੇ ਨੂੰ ਜਥੇਬੰਦ ਕਰਕੇ ਟੋਰਨਾ ਹੈ ਤੇ ਜ਼ੁਲਮ ਦੂਰ ਕਰਨਾ ਹੈ।"

**-ਸ੍ਰੀ ਕਲਗੀਧਰ ਚਮਤਕਾਰ (ਉਤਰਾਰਧ)**

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੪, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੮੨}

ਵਡਹੰਸ ਮਹਲਾ ੩ ਅਸਟਪਦੀਆ

ੴ ਸਤਿਗੁਰ ਪ੍ਰਸਾਦਿ॥


| ਮੂਲ | ਅਰਥ |
|---|---|
| ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ॥ ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ॥੧॥ | (ਗੁਰਾਂ ਦੀ) ਬਾਣੀ ਸੱਚੀ ਹੈ, (ਉਸਦੀ) ਧੁਨਿ (ਅਰਥਾਤ ਉਚਾਰਨ ਯਾ ਗਜਾਨ) ਭੀ ਸੱਚ ਹੈ, (ਉਸ ਵਿਚ ਜੋ) ਸ਼ਬਦ (ਅਰਥਾਤ ਜੋ ਉਪਦੇਸ਼) ਹੈ (ਓਹ ਬੀ) ਸੱਚ ਹੈ, (ਉਸ ਬਾਣੀ ਦੀ) ਵੀਚਾਰ (ਕਰਨੀ ਭੀ ਸੱਚ ਹੈ। ਐਉਂ) ਦਿਨ-ਰਾਤ ਸੱਚ ਦਾ ਸਲਾਹੁਣਾ (ਸਾਨੂੰ ਪ੍ਰਾਪਤ ਹੋਇਆ ਹੈ, ਇਸ ਕਰਕੇ) ਸਾਡਾ ਵਡਭਾਗ ਧੰਨ ਹੈ, ਧੰਨ ਹੈ॥੧॥ |
| ਮਨ ਮੇਰੇ ਸਾਚੇ ਨਾਮ ਵਿਟਹੁ ਬਲਿ ਜਾਉ॥ ਦਾਸਨਿ ਦਾਸਾ ਹੋਇ ਰਹਹਿ ਤਾ ਪਾਵਹਿ ਸਚਾ ਨਾਉ॥੧॥ਰਹਾਉ॥ | ਹੇ ਮੇਰੇ ਮਨ! (ਗੁਰੂ ਦੀ ਬਾਣੀ ਦੇ ਉਚਾਰ ਦੁਆਰਾ ਮਿਲੇ, ਸੱਚੇ ਨਾਮ ਉਤੋਂ ਬਲਿਹਾਰ ਹੋ ਜਾਹ, (ਪਰ) ਇਹ ਸੱਚਾ ਨਾਮ (ਤੈਨੂੰ) ਤਾਂ ਪ੍ਰਾਪਤ ਹੋਵੇਗਾ (ਜੇ ਗੁਰੂ ਦੇ) ਦਾਸਾਂ ਦਾ ਦਾਸ ਹੋ ਕੇ ਰਹੇਂਗਾ॥੧॥ਰਹਾਉ॥ |
| ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ॥ ਬਿਨੁ ਸਾਚੇ ਹੋਰੁ ਸਾਲਾਹਣਾ ਜਾਸਹਿ ਜਨਮੁ ਸਭੁ ਖੋਇ॥੨॥ | (ਐਉਂ ਜੋ) ਜੀਭ ਸੱਚ ਵਿਚ (ਅਰਥਾਤ ਨਾਮ ਵਿਚ) ਰੱਤੀ ਹੋਈ ਹੈ (ਓਹ) ਸੱਚੀ ਹੈ, (ਕੇਵਲ ਜੀਭ ਹੀ ਸੱਚੀ ਨਹੀਂ) ਤਨ ਤੇ ਮਨ ਭੀ ਸੱਚਾ ਹੋ ਜਾਂਦਾ ਹੈ। (ਐਉਂ) ਸੱਚੇ (ਵਾਹਿਗੁਰੂ) ਤੋਂ ਬਿਨਾਂ ਹੋਰ (ਕਿਸੇ) ਨੂੰ ਸਲਾਹੁਣਾ (ਜੇ ਕੀਤਾ ਤਾਂ) ਸਾਰਾ ਜਨਮ ਗਵਾਚ ਜਾਏਗਾ॥੨॥ |
| ਸਚੁ ਖੇਤੀ ਸਚੁ ਬੀਜਣਾ ਸਾਚਾ ਵਾਪਾਰਾ॥ ਅਨਦਿਨੁ ਲਾਹਾ ਸਚੁ ਨਾਮੁ ਧਨੁ ਭਗਤਿ ਭਰੇ ਭੰਡਾਰਾ॥੩॥ | (ਇਹ ਨਾਮ ਸਿਮਰਨ ਮਾਨੋ) ਸੱਚੀ ਖੇਤੀ ਹੈ (ਇਸ ਵਿਚ) ਸੱਚ (ਨਾਮ) ਬੀਜਣਾ ਹੈ, (ਇਹੋ ਹੀ) ਸੱਚਾ ਵਪਾਰ ਹੈ। ਸੱਚਾ ਨਾਮ (ਇਕ) ਧਨ ਹੈ ਜੋ (ਇਸ ਖੇਤੀ ਜਾਂ ਇਸ ਵਪਾਰ ਤੋਂ) ਨਫ਼ਾ ਦਿਨ-ਰਾਤ (ਪ੍ਰਾਪਤ ਹੁੰਦਾ ਹੈ, ਇਸੇ ਨਾਲ) ਭਗਤੀ ਦੇ ਭੰਡਾਰੇ ਭਰੇ ਰਹਿੰਦੇ ਹਨ, (ਭਾਵ ਅੰਤਹਕਰਣ ਵਿਚ ਸੱਚ ਟਿਕਿਆ ਰਹਿੰਦਾ ਹੈ)॥੩॥ |
| ਸਚੁ ਖਾਣਾ ਸਚੁ ਪੈਨਣਾ ਸਚੁ ਟੇਕ ਹਰਿ ਨਾਉ॥ ਜਿਸ ਨੋ ਬਖਸੇ ਤਿਸੁ ਮਿਲੈ ਮਹਲੀ ਪਾਏ ਥਾਉ॥੪॥ | (ਫੇਰ ਭਗਤਾਂ ਦਾ) ਖਾਣਾ ਸੱਚ, ਪਹਿਨਣਾ ਸੱਚ ਤੇ ਹਰੀ ਨਾਮ ਹੀ ਸੱਚ ਟੇਕ (ਉਨ੍ਹਾਂ ਦੀ ਵਰਤੋਂ ਹੁੰਦੀ ਹੈ, ਪਰ ਇਹ ਦਾਤ) ਉਸ ਨੂੰ ਮਿਲੇਗੀ ਜਿਸ ਨੂੰ (ਉਹ) ਬਖਸ਼ੇਗਾ, (ਉਸ ਦਾ ਫੇਰ) ਸਰੂਪ ਵਿਚ ਵਾਸਾ ਹੋ ਜਾਏਗਾ॥੪॥ |
| ਆਵਹਿ ਸਚੇ ਜਾਵਹਿ ਸਚੇ ਫਿਰਿ ਜੂਨੀ ਮੂਲਿ ਨ ਪਾਹਿ॥ ਗੁਰਮੁਖਿ ਦਰਿ ਸਾਚੈ ਸਚਿਆਰ ਹਹਿ ਸਾਚੇ ਮਾਹਿ ਸਮਾਹਿ॥੫॥ | (ਓਹ) ਫੇਰ ਜੂਨ ਵਿਚ ਬਿਲਕੁਲ ਨਹੀਂ ਪਾਏ ਜਾਣਗੇ, (ਪਰ ਜੇ ਉਹ ਸੱਚੇ ਜਗਤ ਵਿਚ ਆਉਣਾ ਚਾਹੁਣ ਤਦ ਓਹ ਜਗਤ ਵਿਚ) ਸੱਚੇ ਹੀ ਆਉਣਗੇ ਤੇ ਸੱਚੇ ਹੀ (ਏਥੋਂ ਫਿਰ) ਵਾਪਸ ਜਾਣਗੇ। ਗੁਰਮੁਖ ਸੱਚੇ ਦੇ ਦਰ (ਸਦਾ) ਸਚਿਆਰ ਰਹਿੰਦੇ ਹਨ, (ਓਹ) ਸੱਚੇ ਵਿਚ ਸਮਾਏ ਰਹਿੰਦੇ ਹਨ॥੫॥ |
| ਅੰਤਰੁ ਸਚਾ ਮਨੁ ਸਚਾ ਸਚੀ ਸਿਫਤਿ ਸਨਾਇ॥ ਸਚੈ ਥਾਨਿ ਸਚੁ ਸਾਲਾਹਣਾ ਸਤਿਗੁਰ ਬਲਿਹਾਰੈ ਜਾਉ॥੬॥ | (ਗੁਰਮੁਖ ਦਾ) ਅੰਦਰ ਸੱਚਾ ਹੈ, (ਉਸ ਦਾ) ਮਨ ਸੱਚਾ ਹੈ, (ਉਸ ਨੂੰ ਵਾਹਿਗੁਰੂ ਜੀ ਦੀ) ਸੱਚੀ ਸਿਫਤਿ ਤੇ ਮਹਿਮਾ (ਪ੍ਰਾਪਤ ਹੁੰਦੀ ਹੈ)। ਓਹ ਸੱਚੇ ਥਾਨ (ਅਰਥਾਤ ਸਤਿਸੰਗ ਵਿਚ) ਸੱਚ ਨੂੰ ਸਲਾਹੁੰਦੇ ਹਨ, (ਜਿਸ ਤੋਂ ਜਗਤ ਲਾਹਾ ਲੈਂਦਾ ਹੈ, ਇਸ ਲਈ ਮੈਂ) ਸਤਿਗੁਰ ਤੋਂ ਸਦਕੇ ਜਾਂਦਾ ਹਾਂ॥੬॥ |
| ਸਚੁ ਵੇਲਾ ਮੂਰਤੁ ਸਚੁ ਜਿਤੁ ਸਚੇ ਨਾਲਿ ਪਿਆਰੁ॥ ਸਚੁ ਵੇਖਣਾ ਸਚੁ ਬੋਲਣਾ ਸਚਾ ਸਭੁ ਆਕਾਰੁ॥੭॥ | ਉਹ ਵੇਲਾ ਸੱਚ ਹੈ, ਉਹ ਮਹੂਰਤ ਸੱਚ ਹੈ ਜਿਸ ਵਿਚ ਸੱਚੇ (ਵਾਹਿਗੁਰੂ) ਨਾਲ ਪਿਆਰ ਪਵੇ। (ਫੇਰ ਓਸ ਦਾ) ਵੇਖਣਾ ਸੱਚ, ਬੋਲਣਾ ਸੱਚ, ਸਾਰਾ ਸਰੀਰ ਸੱਚਾ (ਹੋ ਜਾਂਦਾ ਹੈ)॥੭॥ |
| ਨਾਨਕ ਸਚੈ ਮੇਲੇ ਤਾ ਮਿਲੇ ਆਪੇ ਲਏ ਮਿਲਾਇ॥ ਜਿਉ ਭਾਵੈ ਤਿਉ ਰਖਸੀ ਆਪੇ ਕਰੇ ਰਜਾਇ॥੮॥੧॥ | ਹੇ ਨਾਨਕ! (ਜੇ ਵਾਹਿਗੁਰੂ) ਸੱਚੇ (ਗੁਰੂ ਨਾਲ) ਮਿਲਾਵੇ ਤਾਂ (ਗੁਰਮੁਖ ਵਾਹਿਗੁਰੂ ਨੂੰ) ਮਿਲਦਾ ਹੈ, (ਭਾਵ ਇਹ ਕਿ ਵਾਹਿਗੁਰੂ) ਆਪੇ ਹੀ (ਆਪਣੇ ਨਾਲ) ਮਿਲਾ ਲੈਂਦਾ ਹੈ। ਜਿਸ ਤਰ੍ਹਾਂ ਉਸ ਨੂੰ ਭਾਵੇਗਾ ਉਸੇ ਤਰ੍ਹਾਂ ਹੀ ਰਖੇਗਾ, (ਕਿਉਂਕਿ ਓਹ ਸੱਭੇ ਕੁਝ) ਆਪਣੀ ਰਜ਼ਾ ਨਾਲ ਕਰਦਾ ਹੈ॥੮॥੧॥ |

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਭਾਈ ਤਾਰੂ ਸਿੰਘ ਦਾ 300 ਸਾਲਾ ਜਨਮ-ਦਿਵਸ ਮਨਾਇਆ

ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਦਾ 300 ਸਾਲਾ ਜਨਮ-ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੜੀਆਂ ਸ਼ਰਧਾ ਤੇ ਉਤਸ਼ਾਹ ਸਹਿਤ ਮਨਾਇਆ ਗਿਆ। ਭਾਈ ਤਾਰੂ ਸਿੰਘ ਜੀ ਦੇ ਪਿੰਡ ਪੂਹਲਾ 'ਚ ਸਥਿਤ ਗੁਰਦੁਆਰਾ ਤਪ-ਅਸਥਾਨ ਵਿਖੇ ਗੁਰਮਤਿ ਸਮਾਗਮ ਹੋਏ। ਇਸ ਮੌਕੇ ਹਜ਼ੂਰੀ ਰਾਗੀਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਢਾਡੀਆਂ ਤੇ ਕਵੀਸ਼ਰਾਂ ਨੇ ਸੰਗਤਾਂ ਨੂੰ ਭਾਈ ਤਾਰੂ ਸਿੰਘ ਦੇ ਸਿੱਖ-ਇਤਿਹਾਸ ਨਾਲ ਜੋੜਿਆ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ-ਗ੍ਰੰਥੀ ਗਿਆਨੀ ਜਗਤਾਰ ਸਿੰਘ ਸੰਗਤਾਂ ਨੂੰ ਸੰਬੋਧਿਤ ਹੋਏ। ਬਹੁਤ ਸਾਰੇ ਸੰਤ-ਮਹਾਤਮਾਵਾਂ ਨੇ ਵੀ ਇਸ ਮੌਕੇ ਆਪਣੀ ਹਾਜ਼ਰੀ ਲਵਾਈ। ਦਿੱਲੀ ਵਿਖੇ ਧਰਮ ਪ੍ਰਚਾਰ ਕਮੇਟੀ ਵੱਲੋਂ ਮਾਈ ਭਾਗੋ ਬ੍ਰਿਗੇਡ ਦੇ ਸਹਿਯੋਗ ਨਾਲ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਮਨਾਇਆ ਗਿਆ। ਇਸ ਮੌਕੇ ਮਾਈ ਭਾਗੋ ਬ੍ਰਿਗੇਡ ਵੱਲੋਂ ਆਨਲਾਈਨ ਪੇਂਟਿੰਗ ਤੇ ਕੁਇਜ਼ ਮੁਕਾਬਲੇ ਕਰਵਾਏ ਗਏ ਜਿਸ ਵਿਚ 1800 ਦੇ ਕਰੀਬ ਬੱਚਿਆਂ ਨੇ ਹਿੱਸਾ ਲਿਆ।

## 'ਸਕਿਪਿੰਗ ਸਿੱਖ' ਦਾ ਇਗਲੈਂਡ ਦੀ ਮਹਾਂਰਾਣੀ ਵੱਲੋਂ ਸਨਮਾਨ



ਬ੍ਰਿਟੇਨ ਦੀ ਮਹਾਂਰਾਣੀ ਏਲਿਜ਼ਾਬੇਥ ਦੂਜੇ ਦੇ ਜਨਮ-ਦਿਨ ਤੇ ਦਿੱਤੇ ਜਾਣ ਵਾਲੇ 'ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ' ਪੁਰਸਕਾਰਾਂ ਦੀ ਸੂਚੀ ਸ਼ਨੀਵਾਰ ਨੂੰ ਜਾਰੀ ਕਰ ਦਿੱਤੀ ਗਈ। ਇਸ ਨੂੰ ਹਾਸਲ ਕਰਨਵਾਲਿਆਂ 'ਚ ਸਕਿਪਿੰਗ ਸਿੱਖ ਵੱਜੋਂ ਮਸ਼ਹੂਰ ਹੋਏ 74 ਸਾਲਾ ਰਾਜਿੰਦਰ ਸਿੰਘ ਹਰਜੱਲ, ਈਜੀ ਸਮੂਹ ਦੇ ਅਰਬਪਤੀ ਕਾਰੋਬਾਰੀ ਭਰਾਵਾਂ, ਆਕਸਫੋਰਡ ਯੂਨੀਵਰਸਿਟੀ 'ਚ ਪ੍ਰੋਫ਼ੈਸਰ ਯਾਦਵਿੰਦਰ ਸਿੰਘ ਮਲਹੀ, ਇੰਪੀਰੀਅਲ ਕਾਲਜ ਲੰਦਨ 'ਚ ਪ੍ਰੋਫ਼ੈਸਰ ਨਿਲੈ ਸ਼ਾਹ, ਹੀਲਿੰਗ ਲਿਟਿਲ ਹਾਰਟਸ ਦੇ ਸੰਸਥਾਪਕ ਡਾ. ਸੰਜੀਵ ਨਿਚਾਨੀ ਅਤੇ ਫਿਟਨੇਸ ਐਕਸਪਰਟ ਲਵੀਕਾ ਮੇਹਤਾ ਆਦਿ ਪ੍ਰਮੁੱਖ ਹਨ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਸ ਜਾਨਸਨ ਨੇ ਸਭ ਨੂੰ ਵਧਾਈ ਦਿੱਤੀ ਹੈ। ਸਕਿਪਿੰਗ ਸਿੱਖ ਵਜੋਂ ਮਸ਼ਹੂਰ ਹੋਏ ਰਾਜਿੰਦਰ ਸਿੰਘ ਹਰਜੱਲ ਨੇ ਕੋਵਿਡ ਲੋਕਡਾਊਨ ਦੌਰਾਨ ਪ੍ਰੇਰਿਤ ਕਰਨਵਾਲੀਆਂ ਵੀਡੀਓ ਪੋਸਟ ਕੀਤੀਆਂ। ਇਨ੍ਹਾਂ ਵਿਚ ਉਹ ਕਸਰਤ ਕਰਦੇ, ਰੱਸੀ ਟੱਪਦੇ ਨਜ਼ਰ ਆਏ। ਹਰਜੱਲ ਨੇ ਸਰਕਾਰੀ ਸਿਹਤ ਸੇਵਾ ਐਨ.ਐਚ.ਐਸ. ਲਈ 14 ਹਜ਼ਾਰ ਪਾਉਂਡ ਵੀ ਇਕੱਠੇ ਕੀਤੇ। ਆਕਸਫੋਰਡ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਯਾਦਵਿੰਦਰ ਸਿੰਘ ਮਲਹੀ ਨੂੰ ਪਾਰਸਥਿਤਕੀ ਤੰਤਰ ਵਿਗਿਆਨ ਯੋਗਦਾਨ ਲਈ ਸੀ.ਬੀ.ਈ. ਸਨਮਾਨ ਦਿੱਤਾ ਗਿਆ ਹੈ।

## ਢਾਹਾਂ ਪੁਰਸਕਾਰਾਂ ਦਾ ਐਲਾਨ

ਦੁਨੀਆ ਭਰ 'ਚ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਉਤਸ਼ਾਹਿਤ ਕਰਨ ਵਾਲੇ ਢਾਹਾਂ ਪੁਰਸਕਾਰ ਦਾ ਐਲਾਨ ਕਰ ਦਿੱਤਾ ਗਿਆ ਹੈ। ਗੁਰਮੁਖੀ ਜਾਂ ਸ਼ਾਹਮੁਖੀ ਲਿਪੀ 'ਚ ਰਚੇ ਪੰਜਾਬੀ ਸਾਹਿਤ 'ਚ 25,000 ਕੈਨੇਡੀਅਨ ਡਾਲਰ ਦਾ ਪਹਿਲਾ ਇਨਾਮ ਸਿਰਸਾ (ਹਰਿਆਣਾ, ਭਾਰਤ) ਦੇ ਰਹਿਣਵਾਲੇ ਕੇਸਰਾ ਰਾਮ ਨੂੰ ਉਹਨਾਂ ਦੀ ਪੁਸਤਕ **ਜਨਾਨੀ ਪੌਦ** ਤੇ



**ਕੇਸਰਾ ਰਾਮ**



**ਜ਼ੁਬੈਰ ਅਹਿਮਦ**



**ਹਰਕੀਰਤ ਕੌਰ ਚਹਿਲ**

ਦਿੱਤਾ ਗਿਆ ਹੈ। 10,000 ਕੈਨੇਡੀਅਨ ਡਾਲਰ ਦੇ ਬਾਕੀ ਦੋ ਪੁਰਸਕਾਰ ਲਾਹੌਰ (ਪਾਕਿਸਤਾਨ) ਦੇ ਰਹਿਣ ਵਾਲੇ ਜ਼ੁਬੈਰ ਹੁਸੈਨ ਅਹਿਮਦ ਦੇ ਕਹਾਣੀ-ਸੰਗ੍ਰਹਿ **ਪਾਣੀ ਦੀ ਕੰਧ** ਅਤੇ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਦੀ ਰਹਿਣ ਵਾਲੀ ਹਰਕੀਰਤ ਕੌਰ ਚਹਿਲ ਨੂੰ ਉਹਨਾਂ ਦੇ ਨਾਵਲ **ਆਦਮ ਗ੍ਰਹਿਣ** ਲਈ ਦਿੱਤਾ ਗਿਆ ਹੈ। 2014 'ਚ ਸ਼ੁਰੂ ਹੋਏ ਅਤੇ ਕੈਨੇਡਾ-ਇੰਡੀਆ ਐਜੂਕੇਸ਼ਨ ਸੋਸਾਇਟੀ ਵੱਲੋਂ ਬ੍ਰਿਟਿਸ਼ ਕੋਲੰਬੀਆ ਦੇ ਏਸ਼ੀਅਨ ਸਟੱਡੀਜ਼ ਦੇ ਵਿਭਾਗ ਦੇ ਸਹਿਯੋਗ ਨਾਲ ਦਿੱਤੇ ਜਾਂਦੇ ਇਹਨਾਂ ਪੁਰਸਕਾਰਾਂ ਦੀ ਮਾਇਕ ਸਹਾਇਤਾ ਰਾਸ਼ੀ ਬ੍ਰਿਜ ਢਾਹਾਂ, ਰੀਟਾ ਢਾਹਾਂ, ਉਨ੍ਹਾਂ ਦੇ ਪਰਿਵਾਰ ਅਤੇ ਦੋਸਤਾਂ ਵੱਲੋਂ ਕੀਤੀ ਜਾਂਦੀ ਹੈ। ਇਸ ਵਾਰ ਕਰੋਨਾ ਮਹਾਂਮਾਰੀ ਦੇ ਕਾਰਨ 7 ਨਵੰਬਰ ਨੂੰ ਹੋਣ ਵਾਲਾ ਇਨਾਮ-ਵੰਡ ਸਮਾਰੋਹ ਵਰਚੂਅਲ ਹੋਵੇਗਾ। ✧✧